Hackensack Meridian *Health*
JFK Medical Center

---

**ਪਾੱਲਿਸੀ ਦੀ ਕਿਸਮ:** ਵਿਭਾਗੀ

**ਕੇਂਦਰ:** JFK ਮੈਡੀਕਲ ਕੇਂਦਰ ਅਤੇ ਜੌਨਸਨ ਪੁਨਰਵਾਸ ਸੰਸਥਾਨ

**ਪਾੱਲਿਸੀ ਦਾ ਸਿਰਲੇਖ:** ਮਾਲੀ ਸਹਾਇਤਾ ਨੀਤੀ ਅਤੇ ਬਿਲਿੰਗ/ਇਕੱਤਰੀਕਰਨ ਬਾਰੇ ਨੀਤੀ

**ਪ੍ਰਭਾਵੀ ਹੋਣ ਦੀ ਮਿਤੀ:** 04/06/2018 **ਸੋਧ ਦੀ ਮਿਤੀ:** 04/06/2018

---

ਮਾਲੀ ਸਹਾਇਤਾ ਨੀਤੀ

## I. ਮੰਤਵ:

JFK ਹੈਲਥ ਸਿਸਟਮ ਇੰਕ, ਜਿਸ ਵਿੱਚ JFK ਮੈਡੀਕਲ ਕੇਂਦਰ ਅਤੇ ਜੌਨਸਨ ਪੁਨਰਵਾਸ ਸੰਸਥਾਨ (ਜਿਸ ਨੂੰ ਸਮੂਹਿਕ ਤੌਰ 'ਤੇ, "JFK" ਕਿਹਾ ਜਾਂਦਾ ਹੈ) ਸ਼ਾਮਲ ਹਨ, ਸਾਡੇ ਭਾਈਚਾਰੇ ਲਈ ਸਭ ਤੋਂ ਉੱਚ ਪੱਧਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਾਰੇ ਰੋਗੀਆਂ ਨੂੰ ਜ਼ਰੂਰੀ ਮੈਡੀਕਲ ਐਮਰਜੈਂਸੀ ਮਦਦ ਅਤੇ ਹੋਰ ਡਾਕਟਰੀ ਤੌਰ 'ਤੇ ਲੋੜੀਂਦੀਆਂ ਸਿਹਤ ਸੰਭਾਲ ਸੇਵਾਂਵਾਂ ਮਿਲਣ ਜਿਹਨਾਂ ਦੀ ਉਹ ਅਦਾਇਗੀ ਕਰਨ ਦੇ ਯੋਗ ਨਹੀਂ ਹਨ।

## II. ਨੀਤੀ:

ਇਹ ਮਾਲੀ ਸਹਾਇਤਾ ਨੀਤੀ ("FAP") JFK ਲਈ ਮਾਲੀ ਸਹਾਇਤਾ ਦੀਆਂ ਨੀਤੀਆਂ ਅਤੇ ਅਭਿਆਸਾਂ ਦੀ ਰੂਪਰੇਖਾ ਪੇਸ਼ ਕਰੇਗੀ। ਇਸ FAP ਦੇ ਅਨੁਸਾਰ,JFK ਉਨ੍ਹਾਂ ਲੋਕਾਂ ਨੂੰ ਮਾਲੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ ਜਿਨ੍ਹਾਂ ਦੀਆਂ ਸਿਹਤ ਸੰਭਾਲ ਸਬੰਧੀ ਲੋੜਾਂ ਹਨ ਅਤੇ ਜਿਨ੍ਹਾਂ ਦਾ ਬੀਮਾ ਨਹੀਂ ਹੋਇਆ ਹੈ, ਜਿਨ੍ਹਾਂ ਦਾ ਘੱਟ ਹੋਇਆ ਹੈ, ਹੋਰ ਸਰਕਾਰੀ ਸਹਾਇਤਾ ਲਈ ਅਯੋਗ ਹਨ, ਜਾਂ ਫਿਰ ਉਹ ਆਪਣੀ ਵਿਅਕਤੀਗਤ ਵਿੱਤੀ ਸਥਿਤੀ ਤੇ ਆਧਾਰਤ ਐਮਰਜੈਂਸੀ ਜਾਂ ਹੋਰ ਡਾਕਟਰੀ ਲੋੜੀਂਦੀਆਂ ਸਿਹਤ ਸੰਭਾਲ ਸੇਵਾਂਵਾਂ ਲਈ ਭੁਗਤਾਨ ਕਰਨ ਵਿੱਚ ਅਸਮਰੱਥ ਹਨ।

JFK ਬਿਨ੍ਹਾਂ ਵਿਤਕਰੇ ਤੋਂ, ਕਿਸੇ ਵਿਅਕਤੀ ਨੂੰ ਉਸ ਦੀ ਮਾਲੀ ਸਹਾਇਤਾ ਯੋਗਤਾ ਜਾਂ ਭੁਗਤਾਨ ਕਰਨ ਦੀ ਅਸਮਰੱਥਾ ਦੀ ਪਰਵਾਹ ਕੀਤੇ ਬਗੈਰ ਐਮਰਜੈਂਸੀ ਮੈਡੀਕਲ ਹਾਲਤਾਂ ਲਈ ਦੇਖਭਾਲ ਪ੍ਰਦਾਨ ਕਰੇਗਾ। ਇਲਾਜ ਲਈ ਐਮਰਜੈਂਸੀ ਵਿਭਾਗ ਵਿਖੇ ਆਉਣ ਵਾਲੇ ਕਿਸੇ ਵੀ ਵਿਅਕਤੀ ਦੀ ਅਜਿਹੀ ਐਮਰਜੈਂਸੀ ਮੈਡੀਕਲ ਹਾਲਤ ਨੂੰ ਸਥਿਰ ਕਰਨ ਲਈ ਜ਼ਰੂਰੀ ਹੋ ਸਕਦੇ ਇਲਾਜ਼ ਅਤੇ ਡਾਕਟਰੀ ਜਾਂਚ ਕਰਨ ਸਬੰਧੀ ਫੈਡਰਲ ਐਮਰਜੈਂਸੀ ਮੈਡੀਕਲ ਇਲਾਜ ਅਤੇ 1986 ਦੇ ਐਕਟਿਵ ਲੇਬਰ ਟ੍ਰਾਂਸਪੋਰਟ ਐਕਟ ("EMTALA") ਮਾਣਕਾਂ ਅਤੇ EMTALA ਨਿਯਮਾਂ ਦੀ ਪਾਲਨਾ ਕਰਨਾ JFK ਦੀ ਨੀਤੀ ਹੈ। JFK ਕਿਸੇ ਵੀ ਅਜਿਹੇ ਕੰਮ ਵਿੱਚ ਸ਼ਾਮਲ ਨਹੀਂ ਹੋਵੇਗਾ ਜੋ ਐਮਰਜੈਂਸੀ ਮੈਡੀਕਲ ਦੇਖਭਾਲ ਦੀ ਮੰਗ ਕਰਨ ਵਾਲੇ ਵਿਅਕਤੀਆਂ ਨੂੰ ਨਿਰਾਸ਼ ਕਰਨ, ਜਿਵੇਂ ਕਿ ਐਮਰਜੈਂਸੀ ਵਿਭਾਗ ਵੱਲੋਂ ਮਰੀਜ਼ਾਂ ਨੂੰ ਐਮਰਜੈਂਸੀ ਮੈਡੀਕਲ ਹਾਲਤਾਂ ਲਈ ਇਲਾਜ ਕਰਾਉਣ ਤੋਂ ਪਹਿਲਾਂ ਭੁਗਤਾਨ ਕਰਨ ਦੀ ਮੰਗ ਕਰਨਾ ਜਾਂ ਐਮਰਜੈਂਸੀ ਵਿਭਾਗ ਜਾਂ ਹੋਰ ਖੇਤਰਾਂ ਵਿੱਚ ਕਰਜ਼ੇ ਦੀ ਵਸੂਲੀ ਦੀਆਂ ਸਬੰਧੀ ਗਤੀਵਿਧੀਆਂ ਨੂੰ ਮਨਜ਼ੂਰੀ ਦੇਣਾ ਜਿੱਥੇ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਗੈਰ-ਪੱਖਪਾਤੀ ਆਧਾਰ ਤੇ ਐਮਰਜੈਂਸੀ ਦੇਖਭਾਲ ਦੀ ਵਿਵਸਥਾ ਵਿੱਚ ਦਖਲ ਦੇ ਸਕਦੀਆਂ ਹਨ।

Hackensack Meridian *Health*
JFK Medical Center

ਮਾਲੀ ਸਹਾਇਤਾ ਸਿਰਫ ਐਮਰਜੈਂਸੀ ਜਾਂ ਹੋਰ ਡਾਕਟਰੀ ਲੋੜੀਂਦੀਆਂ ਸਿਹਤ ਸੰਭਾਲ ਸੇਵਾਂਵਾਂ ਲਈ ਹੀ ਉਪਲਬਧ ਹੈ। ਇਸਦੇ ਇਲਾਵਾ, JFK ਦੇ ਹਸਪਤਾਲ ਦੀਆਂ ਸਹੂਲਤਾਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ JFK ਦੇ ਕਰਮਚਾਰੀਆਂ ਦੁਆਰਾ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ ਹਨ ਅਤੇ ਇਸ ਲਈ ਇਸ FAP ਦੁਆਰਾ ਕਵਰ ਨਹੀਂ ਕੀਤੀਆਂ ਜਾ ਸਕਦੀਆਂ ਹਨ। ਕਿਰਪਾ ਕਰਕੇ ਪ੍ਰਦਾਨ ਕਰਨ ਵਾਲਿਆਂ ਦੀ ਸੂਚੀ ਲਈ ਅੰਤਕਾ A ਦੇਖੋ ਜੋ JFK ਹਸਪਤਾਲ ਦੀਆਂ ਸਹੂਲਤਾਂ ਅੰਦਰ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਸਿਹਤ ਸੇਵਾਵਾਂ ਮੁਹੱਈਆ ਕਰਦੀ ਹੈ। ਇਹ ਅੰਤਕਾ ਇਹ ਦੱਸ ਰਹੀ ਹੈ ਕਿ ਕਿਹੜਾ ਪ੍ਰਦਾਤਾ ਇਸ FAP ਦੇ ਤਹਿਤ ਕਵਰ ਕੀਤਾ ਗਿਆ ਹੈ ਅਤੇ ਕਿਹੜਾ ਨਹੀਂ। ਜੇਕਰ ਲੋੜ ਹੋਵੇ ਤਾਂ ਪ੍ਰਦਾਤਾ ਸੂਚੀ ਦੀ ਤਿਮਾਹੀ ਤੌਰ 'ਤੇ ਸਮੀਖਿਆ ਕੀਤੀ ਜਾਵੇਗੀ ਅਤੇ ਉਸ ਨੂੰ ਅੱਪਡੇਟ ਕੀਤਾ ਜਾਵੇਗਾ।

## III. ਪਰਿਭਾਸ਼ਾਵਾਂ:

ਇਸ FAP ਦੇ ਉਦੇਸ਼ ਲਈ, ਹੇਠਾਂ ਦਿੱਤੇ ਸ਼ਬਦਾਂ ਨੂੰ ਹੇਠ ਮੁਤਾਬਕ ਪਰਿਭਾਸ਼ਤ ਕੀਤਾ ਗਿਆ ਹੈ:

**ਬਿੱਲ ਕੀਤੀ ਜਾਂਦੀ ਆਮ ਰਕਮ** *("AGB")*: ਅੰਦਰੂਨੀ ਮਾਲ ਕੋਡ ਸੈਕਸ਼ਨ 501(r)(5) ਮੁਤਾਬਕ, ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਦੇ ਮਾਮਲੇ ਵਿੱਚ, FAP-ਯੋਗ ਮਰੀਜ਼ਾਂ ਨੂੰ ਅਜਿਹੀ ਦੇਖਭਾਲ ਲਈ ਅਜਿਹੇ ਵਿਅਕਤੀ ਤੋਂ ਖਰਚਾ ਨਹੀਂ ਲਿਆ ਜਾਵੇਗਾ ਜਿਸ ਕੋਲ ਬੀਮਾ ਕਵਰ ਹੈ।

*AGB* **ਪ੍ਰਤੀਸ਼ਤ:** ਕੁੱਲ ਖਰਚੇ ਦਾ ਪ੍ਰਤੀਸ਼ਤ ਜੋ ਕਿ ਹਸਪਤਾਲ ਕੇਂਦਰ FAP ਅਧੀਨ ਸਹਾਇਤਾ ਲਈ ਯੋਗ ਕਿਸੇ ਵਿਅਕਤੀ ਨੂੰ ਮੁਹੱਈਆ ਕੀਤੀ ਜਾਂਦੀ ਐਮਰਜੈਂਸੀ ਜਾਂ ਕਿਸੇ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਲਈ AGB ਦੀ ਪਛਾਣ ਕਰਨ ਲਈ ਵਰਤੀ ਜਾਂਦੀ ਹੈ।

**ਅਰਜ਼ੀ ਦੀ ਮਿਆਦ:** ਉਹ ਮਿਆਦ, ਜਿਸ ਵਿੱਚ ਕੋਈ ਵਿਅਕਤੀ ਮਾਲੀ ਸਹਾਇਤਾ ਲਈ ਅਰਜ਼ੀ ਦੇ ਸਕਦਾ ਹੈ। IRC §501(r)(6) ਵਿੱਚ ਦੱਸੇ ਗਏ ਮਾਪਦੰਡਾਂ ਨੂੰ ਪੂਰਾ ਕਰਨ ਲਈ, JFK ਵਿਅਕਤੀਆਂ ਨੂੰ ਉਸ ਮਿਤੀ ਤੋਂ ਇੱਕ (1) ਸਾਲ ਤੱਕ ਦੀ ਇਜਾਜ਼ਤ ਦਿੰਦਾ ਹੈ ਜਿਸ ਤੋਂ ਵਿਅਕਤੀ ਮਾਲੀ ਸਹਾਇਤਾ ਲਈ ਅਰਜ਼ੀ ਦੇਣ ਲਈ ਪਹਿਲੀ ਪੋਸਟ-ਡਿਸਚਾਰਜ ਬਿਲਿੰਗ ਸਟੇਟਮੈਂਟ ਦਿੰਦਾ ਹੈ।

**ਯੋਗਤਾ ਮਾਪਦੰਡ:** ਇਸ ***FAP*** (ਅਤੇ ਪ੍ਰਕਿਰਿ ਆ ਦੁਆਰਾ ਸਮਰਥਤ) ਵਿੱਚ ਦਰਸਾਇਆ ਗਿਆ ਮਾਪਦੰਡ ਇਹ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ ਕਿ ਮਰੀਜ ਮਾਲੀ ਸਹਾਇਤਾ ਲਈ ਯੋਗਤਾ ਪੂਰੀ ਕਰਦਾ ਹੈ ਜਾਂ ਨਹੀਂ।

**ਐਮਰਜੈਂਸੀ ਮੈਡੀਕਲ ਹਾਲਾਤ:** ਸੋਸ਼ਲ ਸਿਕਿਉਰਿਟੀ ਐਕਟ (*42 U.S.C. 1395dd*) ਦੀ ਧਾਰਾ 1867 ਦੇ ਤਹਿਤ ਪਰਿਭਾਸ਼ਤ।

**ਅਸਧਾਰਨ ਕਲੈਕਸ਼ਨ ਐਕਸ਼ਨ** ("*ECA*"): ਸਾਰੀਆਂ ਕਾਨੂੰਨੀ ਜਾਂ ਅਦਾਲਤੀ ਪ੍ਰਕਿਰਿਆਵਾਂ, ਜਿਸ ਵਿੱਚ ਇਹ ਸ਼ਾਮਲ ਹਨ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ ਹੈ, ਘਟੀ ਹੋਈ ਤਨਖਾਹ, ਜਾਇਦਾਦ ਤੇ ਅਧਿਕਾਰ ਜਮਾਉਣਾ ਅਤੇ ਕ੍ਰੈਡਿਟ ਏਜੰਸੀਆਂ ਨੂੰ ਰਿਪੋਰਟਿੰਗ ਕਰਨਾ। ECA ਵਿੱਚ ਕਿਸੇ ਵਿਅਕਤੀ ਦਾ ਕਰਜ਼ਾ ਕਿਸੇ ਹੋਰ ਪਾਰਟੀ ਨੂੰ ਦੇਣਾ, ਮੁਕੱਦਮੇ, ਘਰਾਂ ਤੇ ਅਧਿਕਾਰ ਜਮਾਉਣਾ, ਗ੍ਰਿਫ਼ਤਾਰੀਆਂ, ਕਿਸੇ ਵਿਅਕਤੀ ਜਾਂ ਸੰਸਥਾ ਨੂੰ ਨਾਲ ਜੋੜਨਾ ਜਾਂ ਹੋਰ ਸਮਾਨ ਇਕੱਤਰ ਕਰਨ ਦੇ ਕਾਰਜ ਸ਼ਾਮਲ ਹਨ।

**ਮਾਲੀ ਸਹਾਇਤਾ:** ਕਿਸੇ ਵਿਅਕਤੀ ਜਾਂ ਸੰਸਥਾ ਨੂੰ ਪੈਸਾ, ਕਰਜ਼ੇ, ਟੈਕਸਾਂ ਵਿੱਚ ਕਮੀ ਆਦਿ ਦੇ ਰੂਪ ਵਿਚ ਸਰਕਾਰੀ ਸਹਾਇਤਾ ਦੇਣਾ। ਇਸ FAP ਦੇ ਅਨੁਸਾਰ, ਮੁਫ਼ਤ ਜਾਂ ਛੋਟ ਵਾਲੀ ਐਮਰਜੈਂਸੀ ਅਤੇ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ

Hackensack Meridian *Health*
JFK Medical Center

**ਸਿਹਤ ਸੰਭਾਲ ਨਾਲ ਮਰੀਜ਼ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਜੇਕਰ ਉਹ ਸਥਾਪਤ ਮਾਪਦੰਡ ਨੂੰ ਪੂਰਾ ਕਰਦੇ ਹਨ ਅਤੇ ਯੋਗ ਪਾਏ ਜਾਂਦੇ ਹਨ।**

**ਪਰਿਵਾਰਕ: ਜਨਗਣਨਾ ਬਿਊਰੋ ਦੀ ਪਰਿਭਾਸ਼ਾ ਦੀ ਵਰਤੋਂ ਕਰਦੇ ਹੋਏ, ਦੋ ਜਾਂ ਦੋ ਤੋਂ ਵੱਧ ਲੋਕਾਂ ਦਾ ਸਮੂਹ ਜੋ ਇਕੱਠੇ ਰਹਿੰਦੇ ਹਨ ਅਤੇ ਜੋ ਜਨਮ, ਵਿਆਹ ਜਾਂ ਗੋਦ ਲੈਣ ਨਾਲ ਸੰਬੰਧਤ ਹਨ। ਅੰਦਰੂਨੀ ਮਾਲ ਸੇਵਾ ਨਿਯਮਾਂ ਅਨੁਸਾਰ, ਜੇਕਰ ਮਰੀਜ਼ ਕਿਸੇ ਨੂੰ ਆਪਣੀ ਆਮਦਨ ਟੈਕਸ ਰਿਟਰਨ ਤੇ ਨਿਰਭਰ ਹੋਣ ਦਾ ਦਾਅਵਾ ਕਰਦਾ ਹੈ, ਉਹਨਾਂ ਨੂੰ ਮਾਲੀ ਸਹਾਇਤਾ ਦੇ ਪ੍ਰਬੰਧਾਂ ਦੇ ਉਦੇਸ਼ਾਂ ਲਈ ਨਿਰਭਰ ਮੰਨਿਆ ਜਾ ਸਕਦਾ ਹੈ।**

**ਪਰਿਵਾਰਕ ਕੁੱਲ ਆਮਦਨ: ਪਰਿਵਾਰ ਦੀ ਕੁੱਲ ਆਮਦਨੀ ਜਨਗਣਨਾ ਬਿਊਰੋ ਪਰਿਭਾਸ਼ਾ ਦੀ ਵਰਤੋਂ ਕਰਕੇ ਨਿਰਧਾਰਤ ਕੀਤੀ ਜਾਂਦੀ ਹੈ, ਜੋ ਗਰੀਬੀ ਹਦਾਇਤਾਂ ਦੀ ਗਿਣਤੀ ਕਰਦੇ ਸਮੇਂ ਹੇਠਲੀ ਆਮਦਨ ਦੀ ਵਰਤੋਂ ਕਰਦੀ ਹੈ:**

- **ਆਮਦਨ ਤੋਂ ਕਮਾਈ, ਬੇਰੁਜ਼ਗਾਰੀ ਮੁਆਵਜ਼ਾ , ਕਰਮਚਾਰੀ ਦਾ ਮੁਆਵਜ਼ਾ, ਸਮਾਜਿਕ ਸੁਰੱਖਿਆ, ਸਪਲੀਮੈਂਟਲ ਸੁਰੱਖਿਆ ਆਮਦਨ, ਜਨਤਕ ਸਹਾਇਤਾ, ਨਿਵਾਸੀ ਦਾ ਭੁਗਤਾਨ, ਸਰਵਾਈਵਰ ਲਾਭ, ਪੈਨਸ਼ਨ ਜਾਂ ਰਿਟਾਇਰਮੈਂਟ ਦੀ ਆਮਦਨ, ਵਿਆਜ, ਲਾਭਅੰਸ਼, ਕਿਰਾਇਆ, ਰਾਇਲਟੀ, ਜਾਇਦਾਦ, ਆਮਦਨ, ਟਰੱਸਟ, ਵਿਦਿਅਕ ਸਹਾਇਤਾ, ਗੁਜ਼ਾਰਾ-ਭੱਤਾ, ਬਾਲ ਸਹਾਇਤਾ, ਪਰਿਵਾਰ ਤੋਂ ਬਾਹਰ ਸਹਾਇਤਾ, ਅਤੇ ਹੋਰ ਫੁਟਕਲ ਸਰੋਤ;**
- **ਫੂਡ ਸਟੈਂਪਸ ਅਤੇ ਘਰੇਲੂ ਸਬਸਿਡੀ ਜਿਹੇ ਗੈਰ ਲਾਭਾਂ ਨੂੰ ਨਹੀਂ ਗਿਣਿਆ ਜਾਂਦਾ ਹੈ;**
- **ਟੈਕਸ ਤੋਂ ਪਹਿਲਾਂ ਦੇ ਆਧਾਰ ਤੇ ਨਿਰਧਾਰਤ ਕੀਤਾ ਜਾਂਦਾ ਹੈ;**
- **ਕੈਪੀਟਲ ਲਾਭ ਜਾਂ ਨੁਕਸਾਨ ਨੂੰ ਛੱਡ ਦਿੰਦਾ ਹੈ; ਅਤੇ**
- **ਜੇ ਕੋਈ ਵਿਅਕਤੀ ਪਰਿਵਾਰ ਦੇ ਨਾਲ ਰਹਿੰਦਾ ਹੈ, ਉਸ ਵਿੱਚ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਆਮਦਨ ਸ਼ਾਮਲ ਹੁੰਦੀ ਹੈ (ਗ਼ੈਰ-ਰਿਸ਼ਤੇਦਾਰ, ਜਿਵੇਂ ਕਿ ਘਰੇਲੂ ਨੌਕਰਾਣੀ, ਗਿਣੀ ਨਹੀਂ ਜਾਂਦੀ ਹੈ)।**

*FAP*- **ਯੋਗ: ਉਹ ਵਿਅਕਤੀ ਜੋ ਇਸ ਨੀਤੀ ਅਧੀਨ ਪੂਰੀ ਜਾਂ ਅੰਸ਼ਕ ਮਾਲੀ ਸਹਾਇਤਾ ਲਈ ਯੋਗ ਹਨ।**

**ਫੈਡਰਲ ਗਰੀਬੀ ਪੱਧਰ (*"FPL"*): ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੁਆਰਾ ਸਲਾਨਾ ਜਾਰੀ ਕੀਤਾ ਜਾਣ ਵਾਲਾ ਆਮਦਨ ਪੱਧਰ। ਮਾਲੀ ਸਹਾਇਤਾ ਲਈ ਯੋਗਤਾ ਨਿਰਧਾਰਤ ਕਰਨ ਲਈ ਫੈਡਰਲ ਗਰੀਬੀ ਪੱਧਰ ਦੀ ਵਰਤੋਂ ਕੀਤੀ ਜਾਂਦੀ ਹੈ।**

**ਕੁੱਲ ਖਰਚੇ: ਡਾਕਟਰੀ ਦੇਖਭਾਲ ਲਈ ਹਸਪਤਾਲ ਸਹੂਲਤ ਦੀ ਪੂਰੀ ਅਤੇ ਸਥਾਈ ਕੀਮਤ, ਜੋ ਕਿਸੇ ਵੀ ਕੰਟਰੈਕਚੁਅਲ ਜਾਂ ਇਕਰਾਰੀ ਭੱਤੇ, ਛੋਟ ਜਾਂ ਕਟੌਤੀਆਂ ਨੂੰ ਲਾਗੂ ਕਰਨ ਤੋਂ ਪਹਿਲਾਂ ਮਰੀਜ਼ਾਂ ਤੋਂ ਲਗਾਤਾਰ ਅਤੇ ਇਕਸਾਰ ਲਈ ਜਾਂਦੀ ਹੈ।**

**ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ: ਸਿਹਤ ਸੰਭਾਲ ਸੇਵਾਂਵਾਂ, ਜੋ ਕਿ ਇੱਕ ਡਾਕਟਰ, ਵਿਹਾਰਕ ਕਲੀਨਿਕਲ ਫੈਸਲੇ ਦੀ ਵਰਤੋ ਕਰਦਾ ਹੈ, ਰੋਗ, ਬਿਮਾਰੀ ਜਾਂ ਇਸ ਦੇ ਲੱਛਣਾਂ ਦੇ ਮੁਲਾਂਕਣ, ਨਿਰੀਖਣ ਜਾਂ ਇਲਾਜ ਕਰਨ ਦੇ ਉਦੇਸ਼ ਲਈ ਇੱਕ ਮਰੀਜ਼ ਨੂੰ ਮੁਹੱਈਆ ਕਰੇਗਾ ਅਤੇ ਇਹ ਹਨ: (*a*) ਡਾਕਟਰੀ ਪ੍ਰੈਕਟਿਸ ਦੇ ਆਮ ਤੌਰ 'ਤੇ ਮਨਜ਼ੂਰ ਹੋਏ ਮਿਆਰਾਂ ਅਨੁਸਾਰ; (b) ਕਲੀਨਿਕਲੀ ਤੌਰ 'ਤੇ ਉਚਿਤ; ਅਤੇ (c) ਮੁੱਖ ਤੌਰ 'ਤੇ ਮਰੀਜ਼ ਦੀ ਸਹੂਲਤ ਲਈ ਨਹੀਂ।**

ਨੋਟੀਫਿਕੇਸ਼ਨ ਪੀਰੀਅਡ: *120* ਦਿਨ ਦੀ ਮਿਆਦ, ਜੋ ਪਹਿਲੀ ਵਾਰ ਡਿਸਚਾਰਜ ਤੋਂ ਬਾਅਦ ਬਿੱਲਾਂ ਦੀ ਸਟੇਟਮੈਂਟ ਦੀ ਮਿਤੀ ਤੋਂ ਸ਼ੁਰੂ ਹੁੰਦੀ ਹੈ, ਜਿਸ ਵਿੱਚ ਮਰੀਜ਼ ਦੇ ਵਿਰੁੱਧ ਕਿਸੇ ਵੀ *ECA* ਦੀ ਸ਼ੁਰੂਆਤ ਨਹੀਂ ਕੀਤੀ ਜਾ ਸਕਦੀ ਹੈ।

Hackensack Meridian *Health*
JFK Medical Center

ਸਰਲ ਭਾਸ਼ਾ ਵਿੱਚ ਸੰਖੇਪ *("PLS")*: ਇੱਕ ਲਿਖਤੀ ਸਟੇਟਮੈਂਟ ਜਿਸ ਵਿੱਚ ਇੱਕ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ *JFK* ਇਸ *FAP* ਅਧੀਨ ਮਾਲੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ ਅਤੇ ਇੱਕ ਸਪਸ਼ਟ, ਸੰਖੇਪ ਅਤੇ ਆਸਾਨ ਤਰੀਕੇ ਨਾਲ ਸਮਝਣ ਵਾਲੇ ਢੰਗ ਵਿੱਚ ਵਾਧੂ ਜਾਣਕਾਰੀ ਪ੍ਰਦਾਨ ਕਰਦਾ ਹੈ।

**ਘੱਟ ਬੀਮੇ ਵਾਲੇ**: **ਮਰੀਜ਼ ਕੋਲ ਕੁੱਝ ਪੱਧਰ ਦਾ ਬੀਮਾ ਹੈ ਜਾਂ ਤੀਜੀ ਧਿਰ ਦੀ ਸਹਾਇਤਾ ਹੈ ਪਰ ਫਿਰ ਵੀ ਉਸ ਦੀ ਵਿੱਤੀ ਸਮਰੱਥਾ ਤੋਂ ਵੱਧ ਖਰਚੇ ਹੁੰਦੇ ਹਨ।**

**ਗੈਰ-ਬੀਮਤ:: ਮਰੀਜ਼ ਕੋਲ ਆਪਣੇ ਭੁਗਤਾਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ ਕਿਸੇ ਵੀ ਪੱਧਰ ਦਾ ਬੀਮਾ ਜਾਂ ਤੀਜੀ ਧਿਰ ਦੀ ਸਹਾਇਤਾ ਨਹੀਂ ਹੈ।**

## IV. ਮਾਲੀ ਸਹਾਇਤਾ ਯੋਗਤਾ ਮਾਪਦੰਡ:

JFK **ਗੈਰ-ਬੀਮਤ ਅਤੇ ਘੱਟ ਬੀਮਾ ਹੋਏ ਮਰੀਜ਼ਾਂ ਦੀ ਮਦਦ ਲਈ ਮਾਲੀ ਸਹਾਇਤਾ ਦੇ ਕਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। ਹੇਠਾਂ ਦਿੱਤਾ ਮਾਲੀ ਸਹਾਇਤਾ ਪ੍ਰੋਗਰਾਮ ਵਿਅਕਤੀਆਂ ਨੂੰ ਮੁਫ਼ਤ ਜਾਂ ਛੋਟ ਵਾਲੀ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਸਿਹਤ ਸੰਭਾਲ ਸੇਵਾਂਵਾਂ ਪ੍ਰਦਾਨ ਕਰਦਾ ਹੈ ਜੇਕਰ ਉਹ ਸਥਾਪਤ ਮਾਪਦੰਡ ਨੂੰ ਪੂਰਾ ਕਰਦੇ ਹਨ ਅਤੇ ਯੋਗ ਪਾਏ ਜਾਂਦੇ ਹਨ।**

### ਨਿਊ ਜਰਸੀ ਹਸਪਤਾਲ ਕੇਅਰ ਪੇਮੈਂਟ ਅਸਿਸਟੈਂਸ ਪ੍ਰੋਗਰਾਮ ("ਚੈਰਿਟੀ ਕੇਅਰ")

ਚੈਰਿਟੀ ਕੇਅਰ ਇੱਕ ਨਿਊ ਜਰਸੀ ਪ੍ਰੋਗਰਾਮ ਹੈ ਜਿਸ ਵਿੱਚ ਮੁਫ਼ਤ ਜਾਂ ਛੋਟ ਵਾਲੀ ਦੇਖਭਾਲ ਉਹਨਾਂ ਮਰੀਜ਼ਾਂ ਲਈ ਉਪਲਬਧ ਹੁੰਦੀ ਹੈ ਜੋ ਪੂਰੇ ਜਰਸੀ ਰਾਜ ਦੇ ਸਾਰੇ ਹਸਪਤਾਲਾਂ ਵਿੱਚ ਗੰਭੀਰ ਦੇਖਭਾਲ ਦੇਣ ਵਾਲੇ ਹਸਪਤਾਲਾਂ ਵਿੱਚ ਇਨਪੇਸ਼ੈਂਟ ਜਾਂ ਆਊਟਪੇਸ਼ੈਂਟ ਸੇਵਾਵਾਂ ਪ੍ਰਦਾਨ ਕਰਦੇ ਹਨ। ਹਸਪਤਾਲ ਦੀ ਸਹਾਇਤਾ ਅਤੇ ਘੱਟ ਖਰਚੇ ਦੀ ਦੇਖਭਾਲ ਸਿਰਫ ਲੋੜੀਂਦੀ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਲਈ ਹੀ ਉਪਲਬਧ ਹੈ।

ਜੌਨਸਨ ਪੁਨਰਵਾਸ ਸੰਸਥਾਨ ਮਰੀਜ਼ ਇਨਪੇਸ਼ੈਂਟ ਜਾਂ ਆਊਟਪੇਸ਼ੈਂਟ ਪੁਨਰਵਾਸ ਸੇਵਾਵਾਂ ਲਈ ਚੈਰਿਟੀ ਕੇਅਰ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਨਿਊ ਜਰਸੀ ਰਾਜ ਉਨ੍ਹਾਂ ਸੇਵਾਵਾਂ ਲਈ ਪੁਨਰਵਾਸ ਸੁਵਿਧਾਵਾਂ ਦੀ ਅਦਾਇਗੀ ਨਹੀਂ ਕਰਦਾ ਹੈ।

ਯੋਗਤਾ

ਮਰੀਜ਼ ਚੈਰਿਟੀ ਕੇਅਰ ਲਈ ਯੋਗ ਹੋ ਸਕਦੇ ਹਨ ਜੇਕਰ ਉਹ ਨਿਊ ਜਰਸੀ ਦੇ ਨਿਵਾਸੀ ਹਨ:

1) ਜਿਨ੍ਹਾਂ ਕੋਲ ਕੋਈ ਵੀ ਸਿਹਤ ਕਵਰੇਜ ਨਹੀਂ ਹੈ ਜਾਂ ਕਵਰੇਜ ਹੈ ਜੋ ਸਿਰਫ ਹਸਪਤਾਲ ਦੇ ਬਿੱਲ ਦੇ ਇੱਕ ਹਿੱਸੇ ਦਾ ਭੁਗਤਾਨ ਕਰਦੀ ਹੈ (ਬੀਮਾ ਰਹਿਤ ਜਾਂ ਬੀਮਾ ਤਹਿਤ);
2) ਕਿਸੇ ਵੀ ਨਿੱਜੀ ਜਾਂ ਸਰਕਾਰੀ ਸਪੌਂਸਰ ਕੀਤੇ ਕਵਰੇਜ ਲਈ ਅਯੋਗ ਹਨ (ਜਿਵੇਂ ਕਿ ਮੈਡੀਕੇਡ); ਅਤੇ
3) ਹੇਠ ਦਿੱਤੇ ਆਮਦਨੀ ਅਤੇ ਜਾਇਦਾਦ ਦੀ ਯੋਗਤਾ ਦੇ ਮਾਪਦੰਡ ਨੂੰ ਪੂਰਾ ਕਰਦੇ ਹਨ।

ਆਮਦਨ ਯੋਗਤਾ ਮਾਪਦੰਡ

ਫੈਡਰਲ ਗਰੀਬੀ ਪੱਧਰ ("FPL") ਦੇ 200% ਤੋਂ ਘੱਟ ਜਾਂ ਇਸ ਦੇ ਬਰਾਬਰ ਦੀ ਪਰਿਵਾਰਕ ਕੁੱਲ ਆਮਦਨ ਵਾਲੇ ਮਰੀਜ਼ 100% ਚੈਰਿਟੀ ਕੇਅਰ ਕਵਰੇਜ ਲਈ ਯੋਗ ਹਨ।

Hackensack Meridian *Health*
JFK Medical Center

200% ਤੋਂ ਵੱਧ ਪਰ FPL ਦੇ 300% ਤੋਂ ਘੱਟ ਜਾਂ ਇਸ ਦੇ ਬਰਾਬਰ ਦੀ ਪਰਿਵਾਰਕ ਕੁੱਲ ਆਮਦਨ ਵਾਲੇ ਮਰੀਜ਼ ਛੋਟ ਵਾਲੀ ਦੇਖਭਾਲ ਲਈ ਯੋਗ ਹਨ।

<u>ਸੰਪਤੀ ਮਾਪਦੰਡ</u>

ਚੈਰਿਟੀ ਕੇਅਰ ਵਿੱਚ ਜਾਇਦਾਦ ਯੋਗਤਾ ਥ੍ਰੈਸ਼ਹੋਲਡ ਸ਼ਾਮਲ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਸੇਵਾ ਦੀ ਮਿਤੀ ਤੋਂ ਵਿਅਕਤੀਗਤ ਜਾਇਦਾਦ $ 7,500 ਤੋਂ ਵੱਧ ਨਹੀਂ ਹੋ ਸਕਦੀ ਅਤੇ ਪਰਿਵਾਰਕ ਸੰਪਤੀ $15,000 ਤੋਂ ਵੱਧ ਨਹੀਂ ਹੋ ਸਕਦੀ ਹੈ।

<u>ਰਿਹਾਇਸ਼ ਸਬੰਧੀ ਮਾਪਦੰਡ</u>

ਚੈਰਿਟੀ ਕੇਅਰ ਗੈਰ-ਨਿਊ ਜਰਸੀ ਨਿਵਾਸੀਆਂ ਲਈ ਉਪਲਬਧ ਹੋ ਸਕਦੀ ਹੈ, ਜਿਹਨਾਂ ਨੂੰ ਕਿਸੇ ਐਮਰਜੈਂਸੀ ਮੈਡੀਕਲ ਹਾਲਤ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ।

ਚੈਰਿਟੀ ਕੇਅਰ ਦੀ ਯੋਗਤਾ ਸਬੰਧੀ ਹਦਾਇਤਾਂ ਨਿਊ ਜਰਸੀ ਰਾਜ ਦੁਆਰਾ ਤਹਿ ਕੀਤੀਆਂ ਜਾਂਦੀਆਂ ਹਨ ਅਤੇ ਵਾਧੂ ਜਾਣਕਾਰੀ ਹੇਠਾਂ ਦਿੱਤੀ ਵੈਬਸਾਈਟ ਤੇ ਮਿਲ ਸਕਦੀ ਹੈ:

http://www.state.nj.us/health/charitycare/documents/charitycare_factsheet_en.pdf.

**<u>ਨਿਊ ਜਰਸੀ ਅਨਇਨਸ਼ਿਓਰਡ ਡਿਸਕਾਕਾਊਂਟ ਪਬਲਿਕ ਲਾਅ 2008, C. 60 ("ਅਨਇਨਸ਼ਿਓਰਡ ਡਿਸਕਾਕਾਊਂਟ")</u>**

**ਨਿਊ ਜਰਸੀ ਅਨਇਨਸ਼ਿਓਰਡ ਡਿਸਕਾਕਾਊਂਟ ਬੀਮਾ ਨਾ ਹੋਏ ਮਰੀਜ਼ਾਂ ਲਈ ਉਪਲਬਧ ਹੈ।**

**<u>ਕੰਪੈਸ਼ਨੇਟ ਕੇਅਰ ਪ੍ਰੋਗਰਾਮ</u>**

ਸੰਭਾਵਤ ਤੌਰ 'ਤੇ ਸਾਰੇ ਯੋਗ ਮਰੀਜ਼ਾਂ ਦੀ ਜਾਂਚ ਕੀਤੀ ਜਾ ਸਕਦੀ ਹੈ ਅਤੇ ਚੈਰਿਟੀ ਕੇਅਰ ਸਹਾਇਤਾ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ ਜਾਂ ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਸਿੱਧੇ ਹੀ ਅਰਜ਼ੀ ਦਿੱਤੀ ਜਾ ਸਕਦੀ ਹੈ।

JFK ਕੰਪੈਸ਼ਨੇਟ ਕੇਅਰ ਪ੍ਰੋਗਰਾਮ ਬੀਮਾ ਨਾ ਹੋਏ ਜਾਂ ਘੱਟ ਬੀਮਾ ਹੋਏ ਨਿਊ ਜਰਸੀ ਨਿਵਾਸੀਆਂ ਲਈ ਉਪਲਬਧ ਹੈ ਜੋ ਅੰਸ਼ਕ ਚੈਰਿਟੀ ਕੇਅਰ ਸਹਾਇਤਾ ਲਈ ਯੋਗ ਹਨ। ਜੇਕਰ ਕੋਈ ਵਿਅਕਤੀ ਚੈਰਿਟੀ ਕੇਅਰ ਲਈ ਯੋਗ ਹੈ, ਪਰ 100% ਚੈਰਿਟੀ ਕੇਅਰ ਕਵਰੇਜ ਪ੍ਰਾਪਤ ਨਹੀਂ ਕਰਦਾ ਹੈ, ਤਾਂ ਬਾਕੀ ਬਕਾਏ ਲਈ ਕੰਪੈਸ਼ਨੇਟ ਕੇਅਰ ਡਿਸਕਾਊਂਟ ਲਾਗੂ ਕੀਤਾ ਜਾਵੇਗਾ।

ਬੀਮਾ ਨਾ ਹੋਏ ਵਿਅਕਤੀ ਜਿਨ੍ਹਾਂ ਦੀ ਚੈਰਿਟੀ ਕੇਅਰ ਲਈ ਜਾਂਚ ਕੀਤੀ ਗਈ ਹੈ, ਪਰ ਯੋਗਤਾ ਪੂਰੀ ਨਹੀਂ ਕਰਦੇ ਹਨ, ਉਹ ਬੀਮਾ ਨਾ ਹੋਏ/ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਯੋਗ ਹਨ।

## V. <u>ਮਾਲੀ ਸਹਾਇਤਾ ਲਈ ਅਰਜ਼ੀ ਦੇਣਾ</u>

JFK ਵਿੱਤੀ ਨੁਮਾਇੰਦਾ ("ਵਿੱਤੀ ਨੁਮਾਇੰਦਾ") ਉਨ੍ਹਾਂ ਮਰੀਜ਼ਾਂ ਦੀ ਸਹਾਇਤਾ ਲਈ ਉਪਲਬਧ ਹਨ ਜੋ ਮਾਲੀ ਸਹਾਇਤਾ ਲਈ ਅਰਜ਼ੀ ਦੇਣਾ ਚਾਹੁੰਦੇ ਹਨ ਜਾਂ ਭੁਗਤਾਨ ਪ੍ਰਬੰਧਾਂ ਨੂੰ ਸਥਾਪਤ ਕਰਨਾ ਚਾਹੁੰਦੇ ਹਨ। ਵਿੱਤੀ ਨੁਮਾਇੰਦੇ ਮਰੀਜ਼ਾਂ ਦੇ ਨਾਲ ਕੰਮ ਕਰਨਗੇ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਮਰੀਜ਼ਾਂ ਨੂੰ ਸਾਰੇ ਫੈਡਰਲ, ਰਾਜ ਅਤੇ ਹਸਪਤਾਲ ਮਾਲੀ ਸਹਾਇਤਾ ਪ੍ਰੋਗਰਾਮਾਂ ਅਤੇ ਪ੍ਰਕਿਰਿਆਵਾਂ ਦੀ ਮੁਕੰਮਲ ਸਮਝ ਹੋਵੇ। ਵਿੱਤੀ ਨੁਮਾਇੰਦਾ ਵੱਖ-ਵੱਖ ਸਰਕਾਰੀ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਵਿੱਚ ਸਹਾਇਤਾ ਕਰਨਗੇ ਅਤੇ ਪੂਰੀ ਪ੍ਰਕਿਰਿਆ ਵਿੱਚ ਕਿਵੇਂ ਅੱਗੇ ਵਧਣਾ ਹੈ ਇਸ ਬਾਰੇ ਸਲਾਹ ਦੇਣਗੇ।

Hackensack Meridian *Health*
JFK Medical Center

ਜੇਕਰ ਤੁਹਾਡਾ ਪਰਿਵਾਰ ਕਿਸੇ ਵੀ ਸਰਕਾਰੀ ਪ੍ਰੋਗਰਾਮਾਂ ਦੇ ਯੋਗ ਨਹੀਂ ਹੁੰਦਾ ਹੈ, ਸਾਡੇ ਵਿੱਤੀ ਨੁਮਾਇੰਦੇ ਇਹ ਦੇਖਣ ਲਈ ਕਿ ਤੁਸੀਂ ਚੈਰਿਟੀ ਕੇਅਰ ਲਈ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਤੁਹਾਡੀ ਵਿੱਤੀ ਸਥਿਤੀ ਦੀ ਸਮੀਖਿਆ ਕਰਨਗੇ।

ਅਰਜ਼ੀ ਪ੍ਰਕਿਰਿਆ:

ਜਿਹੜੇ ਮਰੀਜ਼ ਵਿਸ਼ਵਾਸ ਕਰਦੇ ਹਨ ਕਿ ਉਹ ਮਾਲੀ ਸਹਾਇਤਾ ਲਈ ਯੋਗ ਹਨ ਉਨ੍ਹਾਂ ਨੂੰ ਮਾਲੀ ਸਹਾਇਤਾ ਅਰਜ਼ੀ ("ਐਪਲੀਕੇਸ਼ਨ") ਪੂਰੀ ਕਰਨੀ ਚਾਹੀਦੀ ਹੈ। ਮਰੀਜ਼ਾਂ ਦੀ ਉਹਨਾਂ ਦੀ ਅਰਜ਼ੀਆਂ ਵਿੱਚ ਮਦਦ ਕਰਨ ਲਈ ਵਿੱਤੀ ਨੁਮਾਇੰਦੇ ਉਪਲਬਧ ਹਨ। ਅਰਜ਼ੀ ਕਿਸੇ ਵਿੱਤੀ ਨੁਮਾਇੰਦੇ ਨਾਲ ਵਿਅਕਤੀਗਤ ਰੂਪ ਵਿੱਚ ਮੁਕੰਮਲ ਕੀਤੀ ਜਾ ਸਕਦੀ ਹੈ ਜਾਂ ਇੱਕਲੇ ਮੁਕੰਮਲ ਕੀਤੀ ਜਾ ਸਕਦੀ ਹੈ ਅਤੇ ਸਮੀਖਿਆ ਅਤੇ ਪ੍ਰੋਸੈਸਿੰਗ ਲਈ ਵਿੱਤੀ ਨੁਮਾਇੰਦੇ ਨੂੰ ਪੇਸ਼ ਕੀਤੀਆਂ ਜਾ ਸਕਦੀਆਂ ਹਨ।

ਜੇਕਰ ਕੋਈ ਮਰੀਜ਼ ਕਿਸੇ ਵਿੱਤੀ ਨੁਮਾਇੰਦੇ ਨਾਲ ਅਰਜ਼ੀ ਪੂਰਾ ਕਰਨਾ ਚਾਹੁੰਦਾ ਹੈ, ਤਾਂ ਉਹ ਮੁਲਾਕਾਤ ਨਿਰਧਾਰਤ ਕਰਨ ਲਈ ਕਾਲ ਕਰ ਸਕਦੇ ਹਨ। ਵਿਕਲਪਕ ਰੂਪ ਵਿੱਚ, ਉਹ ਪੁੱਛ-ਗਿੱਛ ਕਰਨ ਅਤੇ ਜਾਣਕਾਰੀ ਪ੍ਰਾਪਤ ਕਰਨ ਲਈ ਦਾਖਲਾ ਵਿਭਾਗ ਜਾ ਸਕਦੇ ਹਨ।

ਵਿੱਤੀ ਨੁਮਾਇੰਦਾ ਯੋਗਤਾ ਦੇ ਮੁਲਾਂਕਣ ਲਈ ਸਾਰੀਆਂ ਲੋੜਾਂ ਅਤੇ ਲਾਗੂ ਮਾਪਦੰਡਾਂ ਬਾਰੇ ਮਰੀਜ਼ ਨੂੰ ਸੂਚਿਤ ਕਰਨਗੇ ਅਤੇ ਉਹਨਾਂ ਨੂੰ ਸਿੱਖਿਆ ਦੇਣਗੇ। ਇਸ ਤੋਂ ਬਾਅਦ, ਮਰੀਜ਼ਾਂ ਨੂੰ ਵਿੱਤੀ ਲੋੜਾਂ ਨੂੰ ਨਿਰਧਾਰਤ ਕਰਨ ਲਈ ਲੋੜੀਂਦੇ ਸਹਾਇਕ ਦਸਤਾਵੇਜ਼ਾਂ ਨਾਲ ਨਿੱਜੀ, ਵਿੱਤੀ ਅਤੇ ਹੋਰ ਫੁਟਕਰ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ।

ਵਿੱਤੀ ਨੁਮਾਇੰਦਾ ਬੀਮਾ ਨਾ ਹੋਏ ਇਨਪੇਸ਼ੰਟ ਨੂੰ ਉਪਲਬਧ ਸਾਰੇ ਵਿੱਤੀ ਪ੍ਰੋਗਰਾਮਾਂ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਉਹਨਾਂ ਨਾਲ ਮੁਲਾਕਾਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਵਿੱਤੀ ਨੁਮਾਇੰਦਾ ਇਸ ਤੋਂ ਬਾਅਦ ਮਰੀਜ਼ ਅਤੇ/ਜਾਂ ਉਨ੍ਹਾਂ ਦੇ ਪਰਿਵਾਰ ਨਾਲ ਕੰਮ ਕਰਨਾ ਜਾਰੀ ਰੱਖਦੇ ਹਨ।

ਅਰਜ਼ੀ ਕਿੱਥੋਂ ਲੈਣੀ ਹੈ:

ਜਿਹੜੇ ਮਰੀਜ਼ ਇਸ FAP ਅਧੀਨ ਮਾਲੀ ਸਹਾਇਤਾ ਲਈ ਅਰਜ਼ੀ ਦੇਣਾ ਚਾਹੁੰਦੇ ਹਨ ਉਹ ਸਾਡੀ ਵੈਬਸਾਈਟ https://www.jfkmc.org/ ਤੇ ਅਰਜ਼ੀ ਪ੍ਰਾਪਤ ਕਰ ਸਕਦੇ ਹਨ:

ਕਾਰੋਬਾਰੀ ਦਫ਼ਤਰ ਨੂੰ (732) 321-7566 ਤੇ ਕਾਲ ਕਰਕੇ ਅਰਜ਼ੀਆਂ ਲਈ ਬੇਨਤੀ ਕੀਤੀ ਜਾ ਸਕਦੀ ਹੈ।
ਅਰਜ਼ੀ ਦੀਆਂ ਕਾਗਜ਼ੀ ਕਾਪੀਆਂ ਹੇਠ ਦਿੱਤੇ ਦਾਖਲਾ ਦਫਤਰ ਤੇ ਵੀ ਉਪਲਬਧ ਹਨ:

JFK ਮੈਡੀਕਲ ਕੇਂਦਰ
65 ਜੇਮਸ ਸਟ੍ਰੀਟ
ਐਡੀਸਨ, ਐਨਜੇ 08820

JFK Medical Center
65 James Street
Edison, NJ

ਤੁਹਾਡੀ ਸਹਾਇਤਾ ਲਈ ਵਿੱਤੀ ਨੁਮਾਇੰਦੇ ਸਾਈਟ ਤੇ ਸੋਮਵਾਰ - ਸ਼ੁੱਕਰਵਾਰ ਸਵੇਰੇ 8:30 ਤੋਂ - ਸ਼ਾਮ 5:00 ਵਜੇ ਤੱਕ ਮੌਜੂਦ ਹੁੰਦੇ ਹਨ।

ਸਾਰੀਆਂ ਪੂਰੀਆਂ ਕੀਤੀਆਂ ਅਰਜ਼ੀਆਂ ਨੂੰ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ:

JFK ਮੈਡੀਕਲ ਕੇਂਦਰ
ਦਾਖਲਾ ਦਫਤਰ
65 ਜੇਮਸ ਸਟ੍ਰੀਟ

JFK Medical Center
Admissions Office
65 James Street

Hackensack Meridian *Health*
JFK Medical Center

ਐਡੀਸਨ, ਐਨਜੇ 08820

ਮਾਲੀ ਸਹਾਇਤਾ ਨਿਰਧਾਰਨ ਜਿਨ੍ਹੀਂ ਜਲਦੀ ਹੋ ਸਕੇ ਕੀਤਾ ਜਾਣਾ ਚਾਹੀਦਾ ਹੈ, ਪਰ ਬੇਨਤੀ ਦੀ ਮਿਤੀ ਤੋਂ ਬਾਅਦ ਦਸ (10) ਕੰਮਕਾਜੀ ਦਿਨਾਂ ਤੋਂ ਬਾਅਦ ਨਹੀਂ। ਜੇਕਰ ਉਚਿਤ ਕਾਗਜ਼ਾਤ ਪ੍ਰਦਾਨ ਨਹੀਂ ਕੀਤੇ ਗਏ ਹਨ, ਤਾਂ ਬੇਨਤੀ ਨੂੰ ਅਧੂਰੀ ਐਪਲੀਕੇਸ਼ਨ ਮੰਨਿਆ ਜਾਵੇਗਾ।

ਜ਼ਰੂਰੀ ਦਸਤਾਵੇਜ਼:

ਹੇਠ ਲਿਖੀ ਜਾਣਕਾਰੀ ਤੁਹਾਡੇ, ਤੁਹਾਡੇ ਪਤੀ/ਪਤਨੀ ਅਤੇ 21 ਸਾਲ ਅਤੇ ਹੇਠਲੇ ਬੱਚਿਆਂ ਲਈ ਜ਼ਰੂਰੀ ਹੈ:

- ਸਭ ਤੋਂ ਨਵੀਂ ਫੈਡਰਲ ਟੈਕਸ ਰਿਟਰਨ (1040);
- ਨਿੱਜੀ ਪਹਿਚਾਣ ਭਾਵ ਮੌਜੂਦਾ ਡ੍ਰਾਈਵਰ ਲਾਇਸੈਂਸ, ਸੋਸ਼ਲ ਸਿਕਿਊਰਿਟੀ ਕਾਰਡ, ਜਨਮ ਸਰਟੀਫਿਕੇਟ ਜਾਂ ਪਾਸਪੋਰਟ;
- ਪਤੇ ਦਾ ਸਬੂਤ, ਭਾਵ ਯੂਟਿਲਿਟੀ ਬਿੱਲ, ਟੈਲੀਫ਼ੋਨ ਬਿੱਲ ਜਾਂ ਲੀਜ਼ ਜਿਸ ਮਿਤੀ ਤੋਂ ਸ਼ਾਵ ਦਿੱਤੀ ਗਈ ਸੀ;
- ਡਾਟਾ ਸੇਵਾਵਾਂ ਸਮੇਤ ਚੈੱਕਿੰਗ, ਸੇਵਿੰਗਜ਼, CD, IRA, 401K, ਸਟਾਕ ਅਤੇ/ਜਾਂ ਬਾਂਡ ਸਟੇਟਮੈਂਟਾਂ ਪੇਸ਼ ਕੀਤੀਆਂ ਗਈਆਂ ਸਨ;
- ਸੇਵਾਵਾਂ ਦੇਣ/ਦਿੱਤੇ ਦੀ ਮਿਤੀ ਤੋਂ ਤੁਰੰਤ ਤਿੰਨ ਮਹੀਨਿਆਂ ਲਈ ਆਮਦਨ ਦਾ ਦਸਤਾਵੇਜ਼ੀਕਰਨ। ਅਸੀਂ ਹਰ 13 ਹਫਤਿਆਂ ਲਈ ਪੈਸਾ ਸਟੱਬਾਂ ਜਾਂ ਤੁਹਾਡੇ ਰੋਜ਼ਗਾਰਦਾਤਾ ਤੋਂ ਲੈਟਰਹੈੱਡ ਤੇ ਇੱਕ ਚਿੱਠੀ ਜੋ ਹਰੇਕ ਹਫ਼ਤੇ ਲਈ ਤੁਹਾਡੀ ਕੁੱਲ ਤਨਖਾਹ ਨੂੰ ਵੱਖਰੇ ਤੌਰ 'ਤੇ ਦੱਸਦੀ ਹੈ, ਨੂੰ ਸਵੀਕਾਰ ਕਰ ਸਕਦੇ ਹਾਂ;
- ਜੇਕਰ ਤੁਸੀਂ ਸਵੈ-ਰੁਜ਼ਗਾ ਰ ਵਾਲੇ ਹੋ, ਤਾਂ ਸਾਡੇ ਕੋਲ ਆਪਣੀ ਸੇਵਾ ਦੀ ਮਿਤੀ ਤੋਂ ਤੁਰੰਤ 3 ਮਹੀਨੇ ਦੀ ਇੱਕ ਅਕਾਊਂਟੈਂਟ ਦੁਆਰਾ ਤਿਆਰ ਅਤੇ ਹਸਤਾਖਰ ਕੀਤੀ ਲਾਭ ਅਤੇ ਨੁਕਸਾਨ ਦੀ ਸਟੇਟਮੈਂਟ ਹੋਣੀ ਚਾਹੀਦੀ ਹੈ। ਟੈਕਸ ਰਿਟਰਨ ਅਤੇ ਕਾਰੋਬਾਰੀ ਬੈਂਕ ਖਾਤਾ ਵੀ ਲਾਜ਼ਮੀ ਹੈ;
- ਜੇਕਰ ਤੁਹਾਡੀ ਭਾਈਵਾਲੀ ਜਾਂ ਕਾਰਪੋਰੇਸ਼ਨ ਹੈ, ਤਾਂ ਸਾਡੇ ਕੋਲ ਅਕਾਊਂਟੈਂਟ ਤੋਂ ਹਫ਼ਤਾਵਾਰ ਤਨਖਾਹ ਨਿਕਾਸੀ ਵਾਲਾ ਪੱਤਰ ਹੋਣਾ ਚਾਹੀਦਾ ਹੈ। ਟੈਕਸ ਰਿਟਰਨ ਅਤੇ ਕਾਰੋਬਾਰੀ ਬੈਂਕ ਖਾਤੇ ਵੀ ਲਾਜ਼ਮੀ ਹਨ;
- ਜੇਕਰ ਤੁਸੀਂ ਬੇਰੁਜ਼ਗਾਰੀ ਸਬੰਧੀ ਇਕੱਠ ਕਰ ਰਹੇ ਹੋ, ਤਾਂ ਕਿਰਪਾ ਕਰਕੇ ਸਾਨੂੰ ਆਪਣੀ ਸੇਵਾ ਦੀ ਮਿਤੀ ਤੋਂ ਪਹਿਲਾਂ ਤਿੰਨ ਮਹੀਨਿਆਂ ਤੋਂ ਬੇਰੁਜ਼ਗਾਰੀ ਸਟੱਬਾਂ ਦੇ ਨਾਲ ਯੋਗਤਾ ਪੱਤਰ ਭੇਜੋ ਜਾਂ ਹਫ਼ਤਾਵਾਰੀ ਕੰਪਿਊਟਰ ਪ੍ਰਿੰਟਆਊਟ ਦਿਓ;
- ਜੇਕਰ ਤੁਸੀਂ ਸਮਾਜਕ ਸੁਰੱਖਿਆ ਪ੍ਰਾਪਤ ਕਰਦੇ ਹੋ, ਤਾਂ ਸਾਨੂੰ ਸੇਵਾਵਾਂ ਪੇਸ਼ ਕੀਤੇ ਸਾਲ ਦੀ ਤੁਹਾਡੇ "ਪ੍ਰਾਪਤੀ" ਪੱਤਰ ਦੀ ਜ਼ਰੂਰਤ ਹੈ;
- ਜੇਕਰ ਤੁਸੀਂ ਪੈਨਸ਼ਨ ਪ੍ਰਾਪਤ ਕਰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਸੇਵਾ ਤੀ ਮਿਤੀ ਤੋਂ 3 ਮਹੀਨੇ ਪਹਿਲਾਂ ਸਟੱਬ ਦਿਓ ਜਾਂ ਜਿਸ ਕੰਪਨੀ ਤੋਂ ਤੁਸੀਂ ਪੈਨਸ਼ਨ ਲੈਂਦੇ ਹੋ ਉਸ ਤੋਂ ਪੱਤਰ ਲਵੋ, ਜਿਸ ਵਿੱਚ ਤੁਹਾਡੇ ਕੁੱਲ ਮਾਸਿਕ ਲਾਭ ਦਿੱਤੇ ਹੋਣ;
- ਜੇਕਰ ਤੁਸੀਂ ਆਪਣੇ ਮਾਤਾ-ਪਿਤਾ, ਪ੍ਰੇਮਿਕਾ, ਪ੍ਰੇਮੀ, ਦੋਸਤ, ਆਦਿ ਨਾਲ ਰਹਿੰਦੇ ਹੋ, ਤਾਂ ਸਾਨੂੰ ਉਨ੍ਹਾਂ ਵੱਲੋਂ ਦਸਤਖਤ ਕੀਤੇ ਪੱਤਰ ਦੀ ਲੋੜ ਹੈ ਜਿਸ ਵਿੱਚ ਉਨ੍ਹਾਂ ਦੇ ਪਤੇ, ਫੋਨ ਨੰਬਰ, ਤੁਹਾਡੇ ਨਾਲ ਸਬੰਧ ਅਤੇ ਤੁਸੀਂ ਉਹਨਾਂ ਨਾਲ ਕਿੰਨੇ ਸਮੇਂ ਤੋਂ ਰਹਿ ਰਹੇ ਹੋ ਬਾਰੇ ਜਾਣਕਾਰੀ ਲਿਖੀ ਹੋਣੀ ਚਾਹੀਦੀ ਹੈ।

Hackensack Meridian Health
JFK Medical Center

- ਜੇਕਰ ਲਾਗੂ ਹੁੰਦਾ ਹੈ, ਤਾਂ ਸਾਨੂੰ ਤਲਾਕ ਦੇ ਕਾਗਜ਼ਾਂ ਦੀ ਕਾਪੀ ਦੀ ਜਰੂਰਤ ਹੈ ਜਿਨ੍ਹਾਂ ਵਿੱਚ ਚਾਈਲਡ ਸਪੋਰਟ ਅਤੇ /ਜਾਂ ਗੁਜਾਰਾ-ਭੱਤਾ ਜਾਣਕਾਰੀ ਵੀ ਸ਼ਾਮਲ ਹੋਵੇ; ਅਤੇ
- ਜੇਕਰ ਤੁਹਾਡਾ ਬੱਚੇ ਦੀ ਉਮਰ 18-21 ਸਾਲ ਵਿਚਕਾਰ ਹੈ ਅਤੇ ਪੂਰਾ ਸਮਾਂ ਕਾਲਜ ਵਿਦਿਆਰਥੀ ਹੈ, ਜਾਂ ਜੇਕਰ ਤੁਸੀਂ 22 ਸਾਲ ਜਾਂ ਵੱਧ ਉਮਰ ਦੇ ਹੋ ਅਤੇ ਪੂਰਾ ਸਮਾਂ ਕਾਲਜ ਵਿਦਿਆਰਥੀ ਹੋ, ਤਾਂ ਕਿਰਪਾ ਕਰਕੇ ਮੌਜੂਦਾ ਅਤੇ ਪਹਿਲੇ ਸਮੈਸਟਰਾਂ ਲਈ ਵਿੱਤੀ ਪ੍ਰਾਪਤੀਆਂ ਦੇ ਦਸਤਾਵੇਜ਼ ਮੁਹੱਈਆ ਕਰੋ।

## VI. ਪ੍ਰਕਿਰਿਆਵਾਂ

ਚੈਰਿਟੀ ਕੇਅਰ ਲਈ ਜਾਂਚ ਕੀਤੇ ਜਾਣ ਤੋਂ ਪਹਿਲਾਂ, ਕਿਸੇ ਵੀ ਤੀਜੀ ਧਿਰ ਦੇ ਬੀਮਾ ਲਾਭ ਜਾਂ ਹਸਪਤਾਲ ਦਾ ਬਿੱਲ ਬਣ ਸਕਣ ਵਾਲੇ ਮੈਡੀਕਲ ਸਹਾਇਤਾ ਪ੍ਰੋਗਰਾਮਾਂ ਲਈ ਉਹਨਾਂ ਦੀ ਸੰਭਾਵੀ ਯੋਗਤਾ ਨਿਰਧਾਰਤ ਕਰਨ ਲਈ ਬਿਨੈਕਾਰਾਂ ਦੀ ਜਾਂਚ ਹੋਣੀ ਚਾਹੀਦੀ ਹੈ। ਮਰੀਜ਼ਾਂ ਨੂੰ ਚੈਰਿਟੀ ਕੇਅਰ ਦੇ ਲਈ ਯੋਗ ਨਹੀਂ ਮੰਨਿਆ ਜਾਏਗਾ ਜਦੋਂ ਤੱਕ ਉਹ ਕਿਸੇ ਹੋਰ ਮੈਡੀਕਲ ਸਹਾਇਤਾ ਪ੍ਰੋਗ੍ਰਾਮ (ਅਰਥਾਤ ਮੈਡੀਕਾਇਡ, ਸੋਸ਼ਲ ਸਕਿਉਰਿਟੀ) ਲਈ ਅਯੋਗ ਨਹੀਂ ਹੋ ਜਾਂਦੇ ਹਨ।

ਜੇਕਰ ਕੋਈ ਵਿਅਕਤੀ ਕਿਸੇ ਹੋਰ ਮੈਡੀਕਲ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਨਹੀਂ ਹੁੰਦਾ ਹੈ, ਤਾਂ ਉਹਨਾਂ ਦੀ ਚੈਰਿਟੀ ਕੇਅਰ ਲਈ ਜਾਂਚ ਕੀਤੀ ਜਾ ਸਕਦੀ ਹੈ। ਜੇਕਰ ਇੱਕ ਮਰੀਜ਼ 100% ਚੈਰਿਟੀ ਕੇਅਰ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ, ਤਾਂ ਅਨਇਨਸ਼ਿਓਰਡ/ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਾਗੂ ਨਹੀਂ ਹੋਣਗੇ (ਚਾਰਜ ਪਹਿਲਾਂ ਹੀ ਪੂਰੀ ਤਰ੍ਹਾਂ ਕਵਰ ਕੀਤੇ ਜਾਣਗੇ)।

ਜੇਕਰ ਮਰੀਜ਼ ਨੂੰ ਅੰਸ਼ਕ ਚੈਰਿਟੀ ਕੇਅਰ ਲਈ ਯੋਗ ਮੰਨਿਆ ਜਾਂਦਾ ਹੈ,ਮਰੀਜ਼ ਇਹਨਾਂ ਲਈ ਆਪਣੇ ਨਿਸ਼ਚਤ ਪੱਤਰ ਪ੍ਰਾਪਤ ਕਰਨਗੇ (ਜੋ ਕਿ ਇੱਕ ਰਾਜ ਪ੍ਰਤੀ ਸਾਲ ਹਦਾਇਤਾਂ ਲਈ ਸਹੀ ਹਨ),ਅਤੇ ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਇਕ ਸ਼ਮੂਲੀਅਤ ਪੱਤਰ ਵੀ ਪ੍ਰਾਪਤ ਕਰਨਗੇ।ਅਨਇਨਸ਼ਿਓਰਡ ਵਿਅਕਤੀ ਜੋ ਚੈਰਿਟੀ ਕੇਅਰ ਲਈ ਯੋਗ ਨਹੀਂ ਹਨ ਉਹ ਬੀਮਾ ਨਾ ਹੋਏ/ਕੰਪੈਸ਼ਨੇਟ ਕੇਅਰ ਪ੍ਰੋਗਰਾਮ ਲਈ ਯੋਗ ਹੋਣਗੇ।

ਜੇਕਰ ਮਰੀਜ਼ ਕੋਲ ਕੋਈ ਬੀਮਾ ਕਵਰੇਜ ਨਹੀਂ ਹੈ, ਤਾਂ ਉਹਨਾਂ ਨੂੰ ਮਾਲੀ ਸਹਾਇਤਾ ਲਈ ਜਾਂਚ ਕੀਤੇ ਜਾਣ ਤੋਂ ਪਹਿਲਾਂ "ਕੋਈ ਬੀਮਾ ਨਹੀਂ ਤਸਦੀਕ ਕਰਨਾ" ਕਰਨ ਲਈ ਕਿਹਾ ਜਾਵੇਗਾ। ਇਸ ਤੋਂ ਇਲਾਵਾ, ਇਹ ਸਮਝਾਇਆ ਜਾਵੇਗਾ ਕਿ ਜੇਕਰ ਉਹ ਬਾਅਦ ਵਿੱਚ ਬੀਮਾ ਪ੍ਰਦਾਨ ਕਰਦੇ ਹਨ ਤਾਂ ਇਸ ਨੂੰ ਸੇਵਾ ਦੀਆਂ ਮਿਤੀਆਂ ਲਈ ਬਿੱਲ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ, ਜੋ ਪਹਿਲਾਂ ਹੀ ਕੰਪੈਸ਼ਨੇਟ ਕੇਅਰ ਅਧੀਨ ਦਿੱਤੀ ਜਾ ਚੁੱਕੀ ਹੈ, ਕਿਉਂਕਿ ਰੈਫ਼ਰੇਲ ਅਤੇ/ਜਾਂ ਪ੍ਰੀਸਰਟ ਪ੍ਰਾਪਤ ਨਹੀਂ ਹੋਏ ਹੋਣਗੇ ਅਤੇ/ਜਾਂ ਸਮੇਂ ਸਿਰ ਦਾਇਰ ਕਰਨ ਦੀ ਸੀਮਾ ਪੂਰੀ ਹੋ ਚੁੱਕੀ ਹੈ। ਇਲਾਜ ਜਾਰੀ ਰੱਖਣ ਤੋਂ ਪਹਿਲਾਂ ਸੇਵਾ ਦੀਆਂ ਭਵਿੱਖੀ ਮਿਤੀਆਂ ਨੂੰ ਪੂਰਾ ਕਰਨ ਲਈ ਸਾਰੇ ਰੈਫ਼ਰਲ ਅਤੇ/ਜਾਂ ਪ੍ਰੀਸਰਟ ਬੀਮਾ ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

ਜਦੋਂ ਇੱਕ ਮਰੀਜ਼ ਬੀਮਾ ਕਵਰੇਜ ਪ੍ਰਦਾਨ ਕਰਦਾ ਹੈ ਪਰ ਪੁਸ਼ਟੀਕਰਣ ਤੋਂ ਇਹ ਪਤਾ ਚੱਲਦਾ ਹੈ ਕਿ ਲਾਭ ਖ਼ਤਮ ਹੋ ਚੁੱਕੇ ਹਨ ਜਾਂ ਪ੍ਰਦਾਨ ਕੀਤੀ ਜਾਣ ਵਾਲੀ ਸੇਵਾ ਲਈ ਕੋਈ ਲਾਭ ਨਹੀਂ ਹੈ, ਅਜਿਹੀਆਂ ਨੂੰ "ਗ਼ੈਰ-ਕਵਰੇਜ ਦੇ ਨੋਟਿਸ" ਤੇ ਗੈਰ-ਕਵਰੇਜ ਦੇ ਕਾਰਨ ਅਤੇ ਨਿੱਜੀ ਜ਼ਿੰਮੇਵਾਰੀ ਸਵੀਕਾਰ ਕਰਦੇ ਹੋਏ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ।ਕਵਰ ਨਾ ਹੁੰਦੀਆਂ ਸੇਵਾਵਾਂ ਲਈ ਮਰੀਜ਼ਾਂ ਨੂੰ ਬੀਮਾ ਨਾ ਹੋਏ/ਕੰਪੈਸ਼ਨੇਟ ਕੇਅਰ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਜਾਵੇਗੀ।

ਜੇਕਰ ਮਰੀਜ਼ ਸੇਵਾ ਦੇ ਮੌਜੂਦਾ ਲਾਭ ਪੈਕੇਜ ਵਿੱਚ ਕਵਰ ਨਾ ਹੋਣ ਬਾਰੇ ਜਾਣਦੇ ਹੋਏ ਵੀ ਬੀਮੇ ਨੂੰ ਬਿੱਲ ਵਿੱਚ ਸ਼ਾਮਲ ਕਰਨ ਦੀ ਬੇਨਤੀ ਕਰਦਾ ਹੈ, ਤਾਂ ਉਸ ਨੂੰ ਸਮਝਾਇਆ ਜਾਵੇਗਾ ਕਿ ਭਾਵੇਂ ਲਾਭਾਂ ਦੀ ਵਿਆਖਿਆ ਤੋਂ ਇਨਕਾਰ ਇਹ ਦਰਸਾਉਂਦਾ ਕਿ ਮਰੀਜ਼ ਜ਼ਿੰਮੇਵਾਰ ਨਹੀਂ ਹੈ, ਫੇਰ ਵੀ ਉਹਨਾਂ ਨੂੰ ਕਵਰ ਨਾ ਹੋਣ ਸਬੰਧੀ ਪੂਰਵ ਸੂਚਨਾ ਦਿੱਤੀ ਹੋਣ ਕਾਰਨ ਉਹ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਗੇ।

Hackensack Meridian *Health*
JFK Medical Center

ਅਧੂਰੀਆਂ ਅਰਜ਼ੀਆਂ ਲਈ ਪ੍ਰਕਿਰਿਆ:

ਜੇਕਰ FAP-ਯੋਗਤਾ ਦੀ ਤੁਰੰਤ ਤਜਵੀਜ਼ ਨਹੀਂ ਕੀਤੀ ਜਾ ਸਕਦੀ ਹੈ, ਤਾਂ ਵਿੱਤੀ ਨੁਮਾਇੰਦਾ ਬਿਨੈਕਾਰ ਤੋਂ ਵਾਧੂ ਜਾਣਕਾਰੀ ਲਈ ਬੇਨਤੀ ਕਰਨਗੇ। JFK ਬਿਨੈਕਾਰ ਨੂੰ ਮੌਖਿਕ ਅਤੇ ਲਿਖਤੀ ਨੋਟਿਸ ਵੀ ਦੇਵੇਗਾ ਜਿਸ ਵਿੱਚ ਇਹ ਦੱਸਿਆ ਜਾਵੇਗਾ ਕਿ FAP-ਯੋਗਤਾ ਨਿਰਧਾਰਤ ਕਰਨ ਲਈ ਕਿਹੜੀ ਲੋੜੀਂਦੀ ਵਧੀਕ ਜਾਣਕਾਰੀ/ਦਸਤਾਵੇਜ਼ਾਂ ਦੀ ਲੋੜ ਹੈ ਅਤੇ ਬੇਨਤੀ ਕੀਤੇ ਦਸਤਾਵੇਜ਼ ਪ੍ਰਦਾਨ ਕਰਨ ਲਈ ਮਰੀਜ਼ ਨੂੰ ਵਾਜਬ ਸਮਾਂ (30 ਦਿਨ) ਪ੍ਰਦਾਨ ਕਰੇਗਾ। ਇਸ ਸਮੇਂ ਦੌਰਾਨ JFK, ਜਾਂ ਉਹਨਾਂ ਵੱਲੋਂ ਕੰਮ ਕਰਦਾ ਕੋਈ ਹੋਰ ਤੀਜਾ ਧਿਰ, ਕਿਸੇ ECA ਨੂੰ ਪਹਿਲਾਂ ਤੋਂ ਭੁਗਤਾਨ ਪ੍ਰਾਪਤ ਤੋਂ ਮੁਅੱਤਲ ਕੀਤਾ ਜਾਵੇਗਾ ਜਦੋਂ ਤੱਕ FAP-ਯੋਗਤਾ ਨਿਰਧਾਰਤ ਨਹੀਂ ਕੀਤੀ ਜਾਂਦੀ ਹੈ।

ਮੁਕੰਮਲ ਅਰਜ਼ੀਆਂ ਲਈ ਪ੍ਰਕਿਰਿਆ:

ਜਦੋਂ ਇੱਕ ਵਾਰ ਮੁਕੰਮਲ ਅਰਜ਼ੀ ਪ੍ਰਾਪਤ ਹੋ ਜਾਂਦੀ ਹੈ, ਤਾਂ JFK:

- ਵਿਅਕਤੀ ਦੇ ਖ਼ਿਲਾਫ ਕਿਸੇ ਵੀ ECA ਨੂੰ ਮੁਅੱਤਲ ਕਰੇਗਾ (JFK ਵੱਲੋਂ ਕੰਮ ਕਰਨ ਵਾਲੀ ਕੋਈ ਵੀ ਤੀਜੀ ਧਿਰ ECA ਨੂੰ ਮੁਅੱਤਲ ਕਰ ਦੇਵੇਗੀ);
- ਸਮੇਂ ਸਿਰ FAP- ਯੋਗਤਾ ਨਿਰਧਾਰਨ ਕਰੇਗਾ ਅਤੇ ਉਸ ਨੂੰ ਦਸਤਾਵੇਜ਼ ਕਰੇਗਾ; ਅਤੇ
- ਨਿਰਧਾਰਨ ਅਤੇ ਨਿਰਧਾਰਨ ਦੇ ਅਧਾਰ ਬਾਰੇ ਜ਼ਿੰਮੇਵਾਰ ਪਾਰਟੀ ਜਾਂ ਵਿਅਕਤੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੇਗਾ।

ਮਾਲੀ ਸਹਾਇਤਾ ਲਈ ਯੋਗ ਪਾਏ ਜਾਂਦੇ ਵਿਅਕਤੀ ਨੂੰ ਅਨੁਕੂਲ ਨਿਰਧਾਰਨ ਸਬੰਧੀ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ। IRC §501 (r) ਮੁਤਾਬਕ ਵੀ JFK:

- ਬਿੱਲ ਦਾ ਵੇਰਵਾ ਪ੍ਰਦਾਨ ਕਰੋ ਜੋ FAP- ਯੋਗ ਵਿਅਕਤੀ ਦੀ ਵੱਲ ਬਕਾਇਆ ਰਕਮ ਦਰਸਾਉਂਦਾ ਹੋਵੇ, ਇਹ ਰਕਮ ਕਿਵੇਂ ਨਿਰਧਾਰਤ ਕੀਤੀ ਗਈ ਸੀ ਅਤੇ AGB ਨਾਲ ਸਬੰਧਤ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜੇ ਲਾਗੂ ਹੋਵੇ;
- ਵਿਅਕਤੀ ਦੁਆਰਾ ਕੀਤੇ ਗਏ ਕਿਸੇ ਵਾਧੂ ਭੁਗਤਾਨ ਦੀ ਵਾਪਸੀ; ਅਤੇ
- JFK ਵੱਲੋਂ ਕੰਮ ਕਰਦੇ ਤੀਜੇ ਧਿਰ ਨਾਲ ਕੰਮ ਕਰਨਾ ਤਾਂ ਜੋ ਬਕਾਇਆ ਇਕੱਤਰ ਕਰਨ ਲਈ ਮਰੀਜ਼ ਵਿਰੁੱਧ ਪਹਿਲਾਂ ਚੁੱਕੇ ਗਏ ਕਿਸੇ ਵੀ ECA ਨੂੰ ਉਲਟਾਉਣ ਲਈ ਸਾਰੇ ਵਾਜਬ ਉਪਾਅ ਕੀਤੇ ਜਾ ਸਕਣ।

## VII. ਬਿੱਲ ਕੀਤੀ ਗਈ ਰਕਮ ਦਾ ਹਿਸਾਬ ਲਗਾਉਣ ਦਾ ਅਧਾਰ

**ਹੇਠ ਲਿਖਿਆ ਇਸ ਨੀਤੀ ਅਧੀਨ FAP- ਯੋਗ ਵਿਅਕਤੀਆਂ ਨੂੰ ਪੂਰੀ ਜਾਂ ਅੰਸ਼ਕ ਮਾਲੀ ਸਹਾਇਤਾ ਲਈ ਬਿੱਲ ਕੀਤੀ ਜਾਂਦੀ ਰਕਮ ਦਾ ਹਿਸਾਬ ਲਗਾਉਣ ਦਾ ਅਧਾਰ ਦੱਸਦਾ ਹੈ:**

### ਚੈਰਿਟੀ ਕੇਅਰ

ਜੇਕਰ ਇੱਕ ਮਰੀਜ਼ ਚੈਰਿਟੀ ਕੇਅਰ ਲਈ ਯੋਗ ਹੈ, ਤਾਂ ਮਰੀਜ਼ ਦੇ ਆਊਟ-ਆਫ਼-ਪਾਕੇਟ ਖਰਚੇ ਨਿਊ ਜਰਸੀ ਦੇ ਹੈਲਥ ਫੀਸ ਅਨੁਸੂਚਿਤ ਵਿਭਾਗ *(ਹੇਠਾਂ ਦਰਸਾਏ ਗਏ)* ਦੀ ਵਰਤੋਂ ਰਾਹੀਂ ਨਿਰਧਾਰਤ ਕੀਤੇ ਜਾਣਗੇ।

Hackensack Meridian *Health*
JFK Medical Center

| **HHS** ਗਰੀਬੀ ਆਮਦਨ ਹਦਾਇਤਾਂ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਆਮਦਨ | ਰੋਗੀ ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਖਰਚਿਆਂ ਦਾ ਪ੍ਰਤੀਸ਼ਤ |
|---|---|
| 200% ਤੋਂ ਘੱਟ ਜਾਂ ਬਰਾਬਰ | 0% |
| 200% ਤੋਂ ਵੱਧ ਪਰ 225% ਤੋਂ ਘੱਟ ਜਾਂ ਬਰਾਬਰ | 20% |
| 225% ਤੋਂ ਵੱਧ ਪਰ 250% ਤੋਂ ਘੱਟ ਜਾਂ ਬਰਾਬਰ | 40% |
| 250% ਤੋਂ ਵੱਧ ਪਰ 275% ਤੋਂ ਘੱਟ ਜਾਂ ਬਰਾਬਰ | 60% |
| 275% ਤੋਂ ਵੱਧ ਪਰ 300% ਤੋਂ ਘੱਟ ਜਾਂ ਬਰਾਬਰ | 80% |
| 300% ਤੋਂ ਵੱਧ | ਬੀਮਾ ਨਾ ਹੋਏ ਡਿਸਕਾਊਂਟ ਰੇਟ ਉਪਲਬਧ ਹੈ |

ਜੇ 20% ਤੋਂ 80% ਸਲਾਈਡਿੰਗ ਫੀਸ ਦੇ ਪੈਮਾਨੇ 'ਤੇ ਮਰੀਜ਼ ਆਪਣੀ ਕੁਲ ਸਲਾਨਾ ਆਮਦਨ ਦੇ 30% ਤੋਂ ਜਿਆਦਾ ਆਊਟ-ਆਫ-ਪੌਕੇਟ ਭੁਗਤਾਨ ਕੀਤੇ ਮੈਡੀਕਲ ਖਰਚਿਆਂ ਲਈ ਜੁੰਮੇਦਾਰ ਹਨ ( ਮਤਲਬ ਕਿ ਹੋਰ ਧਿਰਾਂ ਦੁਆਰਾ ਨਾ ਭੁਗਤਾਨ ਕੀਤੇ ਗਏ ਬਿਲ), ਤਾਂ 30% ਤੋਂ ਵੱਧ ਦੀ ਰਕਮ ਹੌਸਪਿਟਲ ਕੇਅਰ ਪੇਮੈਂਟ ਮਦਦ ਮੰਨੀ ਜਾਵੇਗੀ।

## <u>ਗੈਰ-ਬੀਮਤਾਂ ਲਈ ਛੋਟ/ਕੰਪੈਸ਼ਨੇਟ ਕੇਅਰ ਪ੍ਰੋਗਰਾਮ</u>

P.L. 89-97 (42.USCs1395 et seq) ਮੁਤਾਬਕ ਯੋਗ ਵਿਅਕਤੀਆਂ ਦੇ ਬਿੱਲ ਵਿੱਚ ਉਹ ਰਕਮ ਦਾ ਖਰਚਾ ਸ਼ਾਮਲ ਕੀਤਾ ਜਾਵੇਗਾ ਜੋ ਮਰੀਜ਼ ਨੂੰ ਪੇਸ਼ ਕੀਤੀ ਗਈ ਸਿਹਤ ਸੰਭਾਲ ਸੇਵਾਵਾਂ ਲਈ ਫੈਡਰਲ ਮੈਡੀਕੇਅਰ ਪ੍ਰੋਗਰਾਮਾਂ ਜਾਂ AGB (ਜਿਵੇਂ ਹੇਠਾਂ ਦੱਸਿਆ ਗਿਆ ਹੈ) ਅਧੀਨ ਲਾਗੂ ਹੋਣ ਵਾਲੇ ਭੁਗਤਾਨ ਦੀ ਦਰ 115% ਤੋਂ ਘੱਟ ਹੈ।

## <u>ਕੰਪੈਸ਼ਨੇਟ ਕੇਅਰ ਪ੍ਰੋਗਰਾਮ</u>

**JFK ਮੈਡੀਕਲ ਕੇਂਦਰ –** ਕੰਪੈਸ਼ਨੇਟ ਕੇਅਰ ਪ੍ਰੋਗਰਾਮ

JFK ਕੰਪੈਸ਼ਨਟ ਕੇਅਰ ਛੋਟ ਲਈ ਯੋਗ JFK ਮੈਡੀਕਲ ਕੇਂਦਰ ਦੇ ਮਰੀਜ਼ਾਂ ਦੇ ਸਵੈ-ਭੁਗਤਾਨ ਦਾ ਬਕਾਇਆ ਮੈਡੀਕੇਅਰ ਅਦਾਇਗੀ ਦੀ ਦਰ ਦੇ 115% ਤੋਂ ਘੱਟ ਜਾਵੇਗਾ, ਜੋ ਬਾਹਰੀ ਮਰੀਜ਼ ਸੁਵਿਧਾ ਸੇਵਾਵਾਂ ਜਾਂ AGB (ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ) ਲਈ APC/CLFS/ਭਾਗ-A ਫੀਸ ਸੂਚੀ/MPFS ਅਤੇ ਦਾਖਲ ਮਰੀਜ਼ਾਂ ਲਈ DRG ਤੇ ਅਧਾਰਤ ਹੈ।

**ਜੌਨਸਨ ਪੁਨਰਵਾਸ ਸੰਸਥਾਨ – ਕੰਪੈਸ਼ਨੇਟ ਕੇਅਰ ਪ੍ਰੋਗਰਾਮ**

JFK ਕੰਪੈਸ਼ਨਟ ਕੇਅਰ ਛੋਟ ਲਈ ਯੋਗ ਜੌਨਸਨ ਪੁਨਰਵਾਸ ਸੰਸਥਾਨ ਦੇ ਮਰੀਜਾਂ ਦੇ ਸਵੈ-ਭੁਗਤਾਨ ਦਾ ਬਕਾਇਆ ਮੈਡੀਕੇਅਰ ਅਦਾਇਗੀ ਦੀ ਦਰ ਦੇ 115% ਤੋਂ ਘੱਟ ਜਾਵੇਗਾ, ਜੋ JFK ਜਾਂ AGB (ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ) ਦੁਆਰਾ ਬਿੱਲ ਕੀਤੀ ਗਈਆਂ ਬਾਹਰੀ ਮਰੀਜ਼ ਸੁਵਿਧਾ ਸੇਵਾਵਾਂ ਲਈ APC ਜਾਂ ਇਲਾਜ ਦੀ ਫੀਸ ਦੀ ਸੂਚੀ ਅਤੇ ਦਾਖਲ ਮਰੀਜ਼ਾਂ ਲਈ CMG ਤੇ ਅਧਾਰਤ ਹੈ।

## <u>*AGB*</u>

IRC §501 (r) (5) ਮੁਤਾਬਕ JFK AGB ਦਾ ਹਿਸਾਬ ਲਗਾਉਣ ਲਈ ਲੁੱਕ-ਬੈਕ ਵਿਧੀ ਦੀ ਵਰਤੋਂ ਕਰਦਾ ਹੈ। AGB % ਦਾ ਸਾਲਾਨਾ ਹਿਸਾਬ ਲਗਾਇਆ ਜਾਂਦਾ ਹੈ ਅਤੇ ਇਹ ਮੈਡੀਕੇਅਰ ਸੇਵਾ ਲਈ ਫੀਸ + 12 ਮਹੀਨਿਆਂ ਦੀ ਮਿਆਦ ਦੌਰਾਨ ਸਾਰੇ ਨਿੱਜੀ ਸਿਹਤ ਬੀਮੇ ਦੁਆਰਾ ਮੰਨਜ਼ੂਰ ਕੀਤੇ ਸਾਰੇ ਦਾਅਵੇ ਉਹਨਾਂ ਦਾਅਵਿਆਂ ਨਾਲ ਸਬੰਧਤ ਕੁੱਲ ਖਰਚੇ ਤੇ ਅਧਾਰਤ ਹਨ। ਲਾਗੂ AGB% AGB

ਨਿਰਧਾਰਤ ਕਰਨ ਲਈ ਕੁੱਲ ਖਰਚੇ ਤੇ ਲਾਗੂ ਹੁੰਦੀ ਹੈ। JFK ਮੈਡੀਕਲ ਕੇਂਦਰ ਅਤੇ ਜੌਨਸਨ ਪੁਨਰਵਾਸ ਸੰਸਥਾਨ ਲਈ AGB ਦੀ ਪ੍ਰਤਿਸ਼ਤਾ ਹੇਠ ਲਿਖੇ ਅਨੁਸਾਰ ਹੈ:

JFK ਮੈਡੀਕਲ ਕੇਂਦਰ: 25%

ਜੌਨਸਨ ਪੁਨਰਵਾਸ ਸੰਸਥਾਨ: 40%

ਕੋਈ ਵੀ ਵਿਅਕਤੀ ਜਿਸ ਨੂੰ FAP ਅਧੀਨ ਮਾਲੀ ਸਹਾਇਤਾ ਲਈ ਯੋਗ ਨਿਰਧਾਰਤ ਕੀਤਾ ਗਿਆ ਹੈ ਉਸ ਨੂੰ ਕਿਸੇ ਐਮਰਜੈਂਸੀ ਜਾਂ ਹੋਰ ਮੈਡੀਕਲੀ ਲੋੜੀਂਦੀ ਸਿਹਤ ਸੰਭਾਲ ਸੇਵਾ ਲਈ AGB ਤੋਂ ਜ਼ਿਆਦਾ ਖਰਚਾ ਨਹੀਂ ਲਿਆ ਜਾਵੇਗਾ। ਕਿਸੇ ਵੀ FAP-ਯੋਗ ਵਿਅਕਤੀ ਤੋਂ ਹਮੇਸ਼ਾ ਇਸ ਨੀਤੀ ਦੇ ਤਹਿਤ ਉਪਲਬਧ ਕੋਈ ਵੀ ਛੋਟ ਜਾਂ AGB ਤੋਂ ਘੱਟ ਖਰਚਾ ਲਿਆ ਜਾਵੇਗਾ।

## VIII. ਵਿਆਪਕ ਪ੍ਰਚਾਰ

FAP, ਅਰਜ਼ੀ ਅਤੇ PLS ਹੇਠ ਲਿਖੀ ਵੈਬਸਾਈਟ ਤੇ ਔਨ-ਲਾਈਨ ਉਪਲਬਧ ਹਨ: https://jfkmc.org/patients-visitors/financial-resources

FAP ਦੀਆਂ ਕਾਗਜ਼ੀ ਕਾਪੀਆਂ, ਅਰਜ਼ੀ ਅਤੇ PLS ਬੇਨਤੀ ਕਰਨ ਡਾਕ ਰਾਹੀਂ ਬਿਨ੍ਹਾਂ ਕਿਸੇ ਖਰਚੇ ਤੇ ਉਪਲਬਧ ਹਨ ਅਤੇ ਸਾਰੀਆਂ JFK ਸਹੂਲਤਾਂ ਦੇ ਵੱਖ-ਵੱਖ ਖੇਤਰਾਂ ਵਿੱਚ ਵੀ ਉਪਲਬਧ ਹਨ। ਇਸ ਵਿੱਚ ਸ਼ਾਮਲ ਹਨ, ਪਰ ਇਹ ਐਮਰਜੈਂਸੀ ਕਮਰਾ, ਮਰੀਜ਼ ਰਜਿਸਟਰੇਸ਼ਨ ਚੈੱਕ-ਇਨ ਖੇਤਰ ਅਤੇ ਬਿਜਨਸ ਆਫਿਸ ਤੱਕ ਸੀਮਤ ਨਹੀਂ ਹੈ।

JFK ਦੇ ਸਾਰੇ ਮਰੀਜ਼ਾਂ ਨੂੰ ਦਾਖਲੇ ਪ੍ਰਕਿਰਿਆ ਦੇ ਹਿੱਸੇ ਦੇ ਤੌਰ 'ਤੇ PLS ਦੀ ਇੱਕ ਕਾਪੀ ਦੇਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਕਿਸੇ ਵੀ ਐਮਰਜੈਂਸੀ ਸਥਿਤੀ ਦੀ ਸੂਰਤ ਵਿੱਚ, ਮਰੀਜ਼ ਨੂੰ ਲੋੜੀਂਦੀ ਡਾਕਟਰੀ ਸਹਾਇਤਾ ਪ੍ਰਾਪਤ ਹੋ ਜਾਣ ਤੋਂ ਬਾਅਦ, ਰਜਿਸਟਰੇਸ਼ਨ ਦੀ ਪ੍ਰਕਿਰਿਆ ਦੌਰਾਨ PLS ਦੀ ਪੇਸ਼ਕਸ਼ ਕੀਤੀ ਜਾਵੇਗੀ।

ਮਾਲੀ ਸਹਾਇਤਾ ਦੀ ਉਪਲਬਧਤਾ ਬਾਰੇ ਮਰੀਜ਼ ਨੂੰ ਸੂਚਿਤ ਕਰਦੇ ਹੋਏ ਸੰਕੇਤ ਜਾਂ ਡਿਸਪਲੇਅ ਸਾਵਧਾਨੀ ਨਾਲ ਜਨਤਕ ਥਾਵਾਂ ਤੇ ਪੋਸਟ ਕੀਤੇ ਜਾਣਗੇ, ਜਿਸ ਵਿੱਚ ਐਮਰਜੈਂਸੀ ਕਮਰਾ, ਮਰੀਜ਼ ਰਜਿਸਟ੍ਰੇਸ਼ਨ ਦਾਖਲਾ ਖੇਤਰ, ਦਾਖਲਾ ਅਤੇ ਬਿਜਨਸ ਆਫਿਸ ਸ਼ਾਮਲ ਹੋਣਗੇ।

JFK ਭਾਈਚਾਰੇ ਦੇ ਮੈਂਬਰਾਂ ਨੂੰ ਸਮੁੱਚੇ ਮੈਂਬਰਾਂ ਨਾਲ ਗੱਲ ਕਰਕੇ ਹਰ ਸਾਲ ਆਯੋਜਿਤ ਭਾਈਚਾਰਕ ਸਮਾਗਮਾਂ ਦੌਰਾਨ JFK ਵਿਖੇ ਮਾਲੀ ਸਹਾਇਤਾ ਦੀ ਉਪਲਬਧਤਾ ਬਾਰੇ ਸੂਚਨਾ ਦੇਣ ਲਈ ਜਾਇਜ਼ ਯਤਨ ਕਰਦਾ ਹੈ (ਜਿਵੇਂ ਕਿ ਸਿਹਤ ਮੇਲੇ, ਸਕ੍ਰੀਨਿੰਗ, ਸਿੱਖਿਆ ਸੈਸ਼ਨ ਆਦਿ)।

JFK ਦਾ FAP, ਅਰਜ਼ੀ ਅਤੇ PLS ਅੰਗਰੇਜ਼ੀ ਵਿੱਚ ਅਤੇ ਅੰਗਰੇਜ਼ੀ ਘੱਟ ਬੋਲਣ ਵਾਲੇ ਲੋਕਾਂ ਦੀ ਮੁੱਖ ਭਾਸ਼ਾ ("LEP") ਵਿੱਚ ਉਪਲਬਧ ਹੈ ਜੋ 1,000 ਤੋਂ ਘੱਟ ਵਿਅਕਤੀ ਬਣਦੇ ਹਨ ਜਾਂ JFK ਦੇ ਪ੍ਰਮੁੱਖ ਸੇਵਾ ਖੇਤਰ ਅੰਦਰ ਸੇਵਾ ਦਿੱਤੀ ਜਾਂਦੀ ਕਮਿਊਨਿਟੀ ਦਾ 5% ਹਨ।

JFK ਮੈਡੀਕਲ ਕੇਂਦਰ LEP ਵਿਅਕਤੀਆਂ ਅਤੇ ਬਹਿਰੇ ਮਰੀਜ਼ਾਂ ਲਈ ਮੁਫਤ ਵਿਆਖਿਆ, ਅਨੁਵਾਦ ਅਤੇ ਸੰਕੇਤ ਭਾਸ਼ਾ ਸੇਵਾਵਾਂ ਪ੍ਰਦਾਨ ਕਰਦਾ ਹੈ।

ਅਸੀਂ ਮਰੀਜ਼ਾਂ ਨੂੰ ਮਹੱਤਵਪੂਰਨ ਡਾਕਟਰੀ ਵਿਚਾਰ-ਵਟਾਂਦਰੇ ਲਈ ਉਪਲਬਧ ਵਿਆਖਿਆ ਸੇਵਾਵਾਂ ਵਰਤਣ ਲਈ ਉਤਸਾਹਤ ਕਰਦੇ ਹਾਂ। ਮਰੀਜ਼ਾਂ ਦੀ ਦੇਖਭਾਲ ਦੇ ਇਲਾਜ ਵਿੱਚ ਅਜਿਹੀ ਮੈਡੀਕਲ ਸ਼ਬਦਾਵਲੀ ਸ਼ਾਮਲ ਹੁੰਦੀ ਹੈ ਜਿਹੜੀ ਕਿ ਕਿਸੇ ਵੀ ਭਾਸ਼ਾ ਵਿੱਚ ਸਮਝਣ ੀ ਮੁਸ਼ਕਲ ਹੁੰਦੀ ਹੈ। JFK ਮੈਡੀਕਲ ਕੇਂਦਰ ਰਾਹੀਂ ਉਪਲਬਧ ਵਿਆਖਿਆਵਾਂ ਸੇਵਾਵਾਂ ਵਿੱਚ, ਜ਼ਿਆਦਾਤਰ ਭਾਸ਼ਾਵਾਂ ਵਿੱਚ ਫੋਨ ਰਾਹੀਂ

Hackensack Meridian *Health*
JFK Medical Center

ਵਿਆਖਿਆ ਸ਼ਾਮਲ ਹੁੰਦੀ ਹੈ। ਮਰੀਜ਼ਾਂ ਦੀਆਂ ਆਮ ਸਥਿਤੀਆਂ ਲਈ ਮਹੱਤਵਪੂਰਨ ਦਸਤਾਵੇਜ਼ਾਂ ਅਤੇ ਮਰੀਜ਼ਾਂ ਦੀ ਸਿੱਖਿਆ ਸਮੱਗਰੀ ਦਾ ਅਨੁਵਾਦ ਵੀ ਉਪਲਬਧ ਹੈ।

ਜੇਕਰ ਤੁਹਾਨੂੰ ਦੁਭਾਸ਼ੀਏ, ਸੰਕੇਤਕ ਭਾਸ਼ਾ ਦੁਭਾਸ਼ੀਆ ਜਾਂ ਅਨੁਵਾਦਕ ਦੀ ਲੋੜ ਹੈ, ਤਾਂ ਕਿਰਪਾ ਕਰਕੇ ਐਕਸਟੈਂਸ਼ਨ (732) 321-7566 ਤੇ ਮਰੀਜ਼ ਲਈ ਨੁਮਾਇੰਦੇ ਦੇ ਦਫ਼ਤਰ ਨਾਲ ਸੰਪਰਕ ਕਰੋ ਜਾਂ ਸਹਾਇਤਾ ਲਈ ਆਪਣੇ ਦਾਖਲਾ ਕਲਰਕ ਜਾਂ ਨਰਸ ਤੋਂ ਪੁੱਛੋ।

ਐਮਰਜੈਂਸੀ ਵਿੱਚ, ASL ਰੈਫਰਲ ਸੇਵਾ (800) 275-7551 ਤਿੰਨ ਘੰਟਿਆਂ ਦੇ ਅੰਦਰ ਇੱਕ ਸੰਕੇਤਕ ਭਾਸ਼ਾ ਅਨੁਵਾਦਕ ਮੁਹੱਈਆ ਕਰਾ ਸਕਦੀ ਹੈ - 24 ਘੰਟੇ, ਹਫਤੇ ਦੇ ਸੱਤੇ ਦਿਨ। ASL ਰਾਹੀਂ ਵਰਤੀਆਂ ਜਾਣ ਵਾਲੀਆਂ ਸੇਵਾਵਾਂ ਮਰੀਜ਼ ਨੂੰ ਬਿਨ੍ਹਾਂ ਕਿਸੇ ਖਰਚੇ ਤੇ ਮੁਹੱਈਆ ਕਰਾਈਆਂ ਜਾਂਦੀਆਂ ਹਨ। ਹਾਲਾਂਕਿ, ਅਸੀਂ ਇਹ ਮੰਗ ਕਰਦੇ ਹਾਂ ਕਿ ਤੁਸੀਂ ਮਰੀਜ਼ ਅਤੇ ਦੁਭਾਸ਼ੀਏ ਦੇ ਨਾਮ ਦੇ ਤੌਰ 'ਤੇ ਮਰੀਜ਼ ਨੁਮਾਇੰਦਾ ਦਫ਼ਤਰ ਨੂੰ ਸੂਚਿਤ ਕਰੋ ਤਾਂ ਕਿ JFK ਮੈਡੀਕਲ ਕੇਂਦਰ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਰੂਰੀ ਭੁਗਤਾਨ ਦਾ ਪ੍ਰਬੰਧ ਕਰ ਸਕਣ।

ਬਿਲਿੰਗ ਅਤੇ ਕੁਲੈਕਸ਼ਨ ਨੀਤੀ

## I. <u>ਮਕਸਦ</u>

ਇਹ ਯਕੀਨੀ ਬਨਾਉਣਾ ਲਈ ਕਿ ਸਾਰੀ ਬਿਲਿੰਗ, ਕ੍ਰੈਡਿਟ ਅਤੇ ਕੁਲੈਕਸ਼ਨ ਅਭਿਆਸ ਸਾਰੇ ਫੈਡਰਲ ਅਤੇ ਰਾਜ ਦੇ ਕਾਨੂੰਨਾਂ, ਨਿਯਮਾਂ ਦੇ ਹਦਾਇਤਾਂ ਅਤੇ ਨੀਤੀਆਂ ਦੀ ਪਾਲਨਾ ਕਰਦੇ ਹਨ।

## II. <u>ਨੀਤੀ</u>

ਬਿਲਿੰਗ ਅਤੇ ਕੁਲੈਕਸ਼ਨ ਗਤੀਵਿਧੀਆਂ ਸਹੀ ਢੰਗ ਨਾਲ ਕਰਨਾ ਅਤੇ ਪਾਲਨਾ ਕਰਨਾ JFK ਦੀ ਨੀਤੀ ਹੈ। ਇਸ ਨੀਤੀ ਵਿੱਚ ਸਾਰੇ ਮਾਪਦੰਡਾਂ ਨੂੰ ਪੂਰਾ ਕਰਨ ਦਾ ਟੀਚਾ ਇਸ ਦਸਤਾਵੇਜ਼ ਵਿੱਚ ਦੱਸੀ ਗਈ ਪ੍ਰਕਿਰਿਆ ਦਾ ਪਾਲਨ ਕਰ ਕੇ ਪੂਰਾ ਕੀਤਾ ਜਾ ਸਕਦਾ ਹੈ। ਕਾਰੋਬਾਰੀ ਦਫ਼ਤਰ, ਵਿੱਤ, ਸੂਚਨਾ ਪ੍ਰਣਾਲੀਆਂ ਅਤੇ ਵਿਕਰੇਤਾ ਪ੍ਰਬੰਧਨ ਦਾ ਪੂਰਾ ਸਹਿਯੋਗ ਅਤੇ ਟੀਮ ਵਰਕ ਸਾਡੇ ਟੀਚੇ ਲਈ ਜ਼ਰੂਰੀ ਹੈ।

## III. <u>ਪ੍ਰਕਿਰਿਆਵਾਂ</u>

ਇੱਕ ਵਾਰ ਮਰੀਜ਼ ਦਾ ਦਾਅਵਾ ਉਸਦੀ ਬੀਮਾ ਕੰਪਨੀ ਵੱਲੋਂ ਪਰੋਸੈੱਸ ਕਰਨ ਤੋਂ ਬਾਅਦ, JFK ਮਰੀਜ਼ ਨੂੰ ਮਰੀਜ਼ ਦੀ ਜ਼ਿੰਮੇਵਾਰੀ ਦਾ ਸੰਕੇਤ ਦਰਸਾਉਂਦਾ ਬਿੱਲ ਭੇਜੇਗਾ। ਇਸ ਤੋਂ ਇਲਾਵਾ, ਜੇਕਰ ਮਰੀਜ਼ ਕੋਲ ਤੀਜੇ ਧਿਰ ਦੀ ਕਵਰੇਜ ਨਹੀਂ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਮਰੀਜ਼ ਦੀ ਜ਼ਿੰਮੇਵਾਰੀ ਦਰਸਾਉਂਦਾ ਇੱਕ ਬਿੱਲ ਪ੍ਰਾਪਤ ਹੋਵੇਗਾ। ਇਹ ਮਰੀਜ਼ ਦਾ ਪਹਿਲੀ ਛੁੱਟੀ ਤੋਂ ਬਾਅਦ ਦੇ ਬਿੱਲਾਂ ਦਾ ਵੇਰਵਾ ਹੋਵੇਗਾ। ਇਸ ਵੇਰਵੇ ਤੇ ਦਰਜ ਮਿਤੀ ਤੋਂ ਅਰਜ਼ੀ ਦੇਣ ਅਤੇ ਸੂਚਨਾ ਮਿਆਦ ਸ਼ੁਰੂ ਹੋ ਜਾਵੇਗੀ (ਉਪਰ ਪਰਿਭਾਸ਼ਤ ਕੀਤੀ ਗਈ ਹੈ)।

ਮਰੀਜ਼ ਨੂੰ ਛੁੱਟੀ ਤੋਂ ਬਾਅਦ ਆਪਣਾ ਪਹਿਲਾ ਬਿੱਲ ਵੇਰਵਾ ਪ੍ਰਾਪਤ ਹੋਣ ਤੋਂ ਬਾਅਦ, JFK 3 ਹੋਰ ਸਟੇਟਮੈਂਟਾਂ (4 ਕੁੱਲ ਬਿਲਿੰਗ ਸਟੇਟਮੈਂਟਾਂ, 28 ਦਿਨ ਦੇ ਅੰਤਰਾਲ ਵਿੱਚ) ਅਤੇ 2 ਪੱਤਰ ਭੇਜੇਗਾ।

ਜੇਕਰ ਚਾਰ ਬਿਲਿੰਗ ਸਟੇਟਮੈਂਟਾਂ ਦੇ ਬਾਅਦ ਭੁਗਤਾਨ ਨਹੀਂ ਮਿਲਦਾ ਹੈ, ਤਾਂ JFK ਇੱਕ ਚਿੱਠੀ ਚਿੱਠੀ ਭੇਜੇਗਾ ਜਿਸ ਵਿੱਚ ਲਿਖਤੀ ਰੂਪ ਵਿੱਚ ਮਰੀਜ਼ ਨੂੰ ਸੂਚਿਤ ਕੀਤਾ ਗਿਆ ਹੋਵੇਗਾ ਕਿ ਖਾਤਾ 30 ਦਿਨਾਂ ਦੇ ਅੰਦਰ ਕੁਲੈਕਸ਼ਨ ਲਈ ਭੇਜ ਦਿੱਤਾ ਜਾਵੇਗਾ, ਜੇਕਰ ਭੁਗਤਾਨ 30 ਦਿਨਾਂ ਦੇ ਅੰਦਰ ਅੰਦਰ ਪ੍ਰਾਪਤ ਨਹੀਂ ਹੁੰਦਾ ਹੈ। ਇਸ ਤੋਂ ਇਲਾਵਾ, ਚਿੱਠੀ ਵਿੱਚ ECA (ਉੱਪਰ ਦੱਸੇ ਗਏ) ਸ਼ਾਮਲ ਹੋਣਗੇ ਜੋ ਮਰੀਜ਼ ਦਾ ਖਾਤਾ ਕੁਲੈਕਸ਼ਨ ਵਿੱਚ ਪਾਏ ਜਾਣ ਤੋਂ ਬਾਅਦ ਹੋ ਸਕਦੇ ਹਨ। ਲਿਖਤੀ ਨੋਟਿਸ ਵਿੱਚ PLS ਦੀ ਇੱਕ ਕਾਪੀ ਵੀ ਸ਼ਾਮਲ ਹੋਵੇਗੀ।

Hackensack Meridian *Health*
JFK Medical Center

ਜਦੋਂ ਬਿਲਿੰਗ ਚਲਾਣ ਵਾਪਸ ਆ ਜਾਂਦੇ ਹਨ ਕਿ ਮਰੀਜ਼ ਗੁਜਰ ਗਿਆ ਹੈ ਜਾਂ ਉਹ ਬਿਨ੍ਹਾਂ ਵਿਤਰਣ ਵਾਪਸ ਆ ਜਾਂਦੇ ਹਨ ਅਤੇ ਜਦੋਂ ਹੋਰ ਕੋਈ ਪਤਾ ਨਾ ਮਿਲਿਆ ਹੋਵੇ, ਉਦੋਂ ਖਾਤਾ ਫਾਲੋ-ਅੱਪ ਅਤੇ ਪ੍ਰਮਾਣਿਕਤਾ ਲਈ ਪ੍ਰੀ-ਕਲੈਕਟ ਸਥਿਤੀ ਵਿੱਚ ਚਲਾ ਜਾਂਦਾ ਹੈ।

ਪ੍ਰਾਪਤੀਆਂ

ਬਿਲਿੰਗ ਚੱਕਰ ਦੇ ਅੰਦਰ ਅੰਦਰ ਹੀ JFK ਖਾਤੇ ਨੂੰ ਪ੍ਰੀ-ਕਲੈਕਟ ਵਿੱਚ ਭੇਜ ਸਕਦਾ ਹੈ। ਇਸ ਸਮੇਂ ਦੇ ਦੌਰਾਨ, JFK ਵੱਲੋਂ ਕੰਮ ਕਰਨ ਵਾਲੇ ਤੀਜੇ ਧਿਰ ਭੁਗਤਾਨ ਲੈਣ ਲਈ ਟੈਲੀਫ਼ੋਨ ਰਾਹੀਂ ਮਰੀਜ਼ਾਂ ਨਾਲ ਸੰਪਰਕ ਕਰ ਸਕਦੇ ਹਨ।ਖਾਤੇ ਦੇ ਪ੍ਰੀ-ਕੁਲੈਕਸ਼ਨ ਚੱਕਰ ਵਿੱਚ ਹੁੰਦੇ ਮਰੀਜ਼ ਵਿਰੁੱਧ ਕੋਈ ECA ਨਹੀਂ ਲਿਆ ਜਾਵੇਗਾ।

ਸੂਚਨਾ ਦੀ ਮਿਆਦ ਖਤਮ ਹੋਣ ਤੋਂ ਬਾਅਦ, JFK ਮਰੀਜ਼ ਦੇ ਖਾਤੇ ਨੂੰ ਪ੍ਰਾਪਤ ਕਰਨ ਲਈ ਭੇਜ ਦੇਵੇਗਾ। ਭੁਗਤਾਨ ਪ੍ਰਾਪਤ ਕਰਨ ਵਾਲੀਆਂ ਏਜੰਸੀਆਂ ਦੀਆਂ ਤਕਨੀਕਾਂ ਵਿੱਚ ਟੈਲੀਫੋਨ ਕਾਲਾਂ, ਚਿੱਠੀਆਂ ਅਤੇ ਕੁੱਝ ECA ਸ਼ਾਮਲ ਹੋਣਗੇ। ਉਹਨਾਂ ਦੀਆਂ ਸਾਰੀਆਂ ਗਤੀਵਿਧੀਆਂ ਬਿਲਿੰਗ ਪ੍ਰਣਾਲੀ ਦੇ ਅੰਦਰ ਪੂਰੀ ਤਰ੍ਹਾਂ ਦਸਤਾਵੇਜ਼ੀ ਰੂਪ ਵਿੱਚ ਹੋਣਗੀਆਂ ਅਤੇ ਪ੍ਰਾਪਤੀ ਕਰਨ ਵਾਲੀਆਂ ਏਜੰਸੀਆਂ ਨੂੰ ਨਿਯੰਤਰਤ ਕਰਨ ਵਾਲੇ ਰਾਜ ਦੇ ਨਿਯਮਾਂ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਨਾ ਕਰਨਗੀਆਂ।

ਜੇ ਇਕੱਤਰ ਕਰਨ ਵਾਲੀਆਂ ਏਜੰਸੀਆਂ ਇਸ ਤੋਂ ਬਾਅਦ ਅਸਫਲ ਹੋ ਜਾਣ (180 ਦਿਨਾਂ ਤੋਂ ਵੱਧ ਨਾ ਹੋਣ) ਤਾਂ ਮਰੀਜ਼ ਦਾ ਖਾਤਾ JFK ਕੋਲ ਵਾਪਸ ਆ ਜਾਵੇਗਾ। ਖਾਤਾ ਵਾਪਸ ਕਰਦੇ ਸਮੇਂ, ਇਕੱਤਰ ਕਰਨ ਵਾਲੀਆਂ ਏਜੰਸੀਆਂ ਆਪਣੀਆਂ ਗਤੀਵਿਧੀਆਂ ਅਤੇ ਸਿੱਟਿਆਂ ਦੇ ਸਾਰੇ ਦਸਤਾਵੇਜ਼ਾਂ ਸ਼ਾਮਲ ਕਰਨਗੇ ਕਿ ਮਰੀਜ਼ ਨਾਲ ਕਦੋਂ ਰਾਬਤਾ ਕੀਤਾ ਗਿਆ ਸੀ ਅਤੇ ਕਿਹੜੀ ਮਿਤੀ ਨੂੰ ਖਾਤਾ JFK ਨੂੰ ਵਾਪਸ ਦਿੱਤਾ ਗਿਆ ਸੀ।

## IV. IRC §501(r)(6) ਦੀ ਪਾਲਨਾ ਕਰਨਾ

IRC §501(r)(6) ਦੇ ਅਨੁਸਾਰ, JFK ਨੋਟੀਫਿਕੇਸ਼ਨ ਪੀਰੀਅਡ ਦੀ ਸਮਾਪਤੀ ਤੋਂ ਪਹਿਲਾਂ ਕਿਸੇ ਵੀ ECA ਵਿੱਚ ਸ਼ਾਮਲ ਨਹੀਂ ਹੁੰਦਾ ਹੈ।

ਨੋਟੀਫਿਕੇਸ਼ਨ ਪੀਰੀਅਡ JFK, ਜਾਂ ਇਸਦੇ ਤਰਫ਼ੋਂ ਕੰਮ ਕਰਨ ਵਾਲੇ ਕੋਈ ਵੀ ਤੀਜੇ ਪੱਖ ਤੋਂ ਬਾਅਦ, ਇੱਕ ਅਦਾਇਗੀਸ਼ੁਦਾ ਬਕਾਏ ਲਈ ਮਰੀਜ਼ ਦੇ ਖਿਲਾਫ ਹੇਠ ਦਿੱਤੇ ECA ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ।ਜੇਕਰ FAP ਯੋਗਤਾ ਨਿਰਧਾਰਤ ਨਹੀਂ ਕੀਤੀ ਜਾਂਦੀ ਹੈ ਜਾਂ ਜੇਕਰ ਕੋਈ ਵਿਅਕਤੀ ਮਾਲੀ ਸਹਾਇਤਾ ਲਈ ਅਯੋਗ ਹੈ।

- ਖਪਤਕਾਰ ਕ੍ਰੈਡਿਟ ਰਿਪੋਰਟਿੰਗ ਏਜੰਸੀ ਜਾਂ ਕਰੈਡਿਟ ਬਿਊਰੋਜ਼ ਨੂੰ ਵਿਅਕਤੀ ਬਾਰੇ ਗਲਤ ਜਾਣਕਾਰੀ ਰਿਪੋਰਟ ਦੇਣਾ;
- ਕਿਸੇ ਵਿਅਕਤੀ ਦੀ ਨਿਜੀ ਜਾਇਦਾਦ ਤੇ ਅਧਿਕਾਰ ਰੱਖਣਾ;
- ਕਿਸੇ ਵਿਅਕਤੀ ਦੀ ਅਸਲ ਜਾਇਦਾਦ ਮੁਲਤਵੀ ਕਰਨਾ;
- ਕਿਸੇ ਵਿਅਕਤੀ ਦੇ ਬੈਂਕ ਖਾਤੇ ਜਾਂ ਹੋਰ ਨਿਜੀ ਜਾਇਦਾਦ ਨੂੰ ਜੋੜਨਾ ਜਾਂ ਜਬਤ ਕਰਨਾ;
- ਕਿਸੇ ਵਿਅਕਤੀ ਦੇ ਖਿਲਾਫ ਇੱਕ ਸਿਵਲ ਕਾਰਵਾਈ ਸ਼ੁਰੂ ਕਰਨਾ; ਅਤੇ
- ਕਿਸੇ ਵਿਅਕਤੀ ਦੀ ਤਨਖਾਹ ਘਟਾਉਣੀ।

JFK ਨੋਟੀਫਿਕੇਸ਼ਨ ਪੀਰੀਅਡ ਤੋਂ ਬਾਅਦ ਅਪਰਾਧਿਕ ਮਰੀਜ਼ਾਂ ਦੇ ਖਾਤੇ ਤੇ ECA ਸ਼ੁਰੂ ਕਰਨ ਲਈ ਤੀਜੇ ਧਿਰਾਂ ਨੂੰ ਅਧਿਕਾਰ ਦੇ ਸਕਦਾ ਹੈ। ਉਹ ਇਹ ਯਕੀਨੀ ਬਣਾਉਣਗੇ ਕਿ ਕੋਈ ਵਿਅਕਤੀ ਇਸ FAP ਅਧੀਨ ਮਾਲੀ ਸਹਾਇਤਾ ਲਈ ਯੋਗ ਹੈ ਜਾਂ ਨਹੀਂ ਅਤੇ ਉਹ ECA ਦੀ ਸ਼ੁਰੂਆਤ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਹੇਠ ਲਿਖੀਆਂ ਕਾਰਵਾਈਆਂ ਕਰਨਗੇ:

1. ਮਰੀਜ਼ ਨੂੰ ਲਿਖਤੀ ਨੋਟਿਸ ਦਿੱਤਾ ਜਾਵੇਗਾ, ਜੋ:

Hackensack Meridian *Health*
JFK Medical Center

(a) ਦਰਸਾਉਂਦਾ ਹੈ ਕਿ ਯੋਗ ਮਰੀਜ਼ਾਂ ਲਈ ਮਾਲੀ ਸਹਾਇਤਾ ਉਪਲਬਧ ਹੈ;
(b) ECA ਦੀ ਪਛਾਣ ਕਰਦਾ ਹੈ ਜੋ JFK ਚਾਹੁੰਦਾ ਹੈ ਕੀ ਦੇਖਭਾਲ ਲਈ ਭੁਗਤਾਨ ਪ੍ਰਾਪਤ ਕਰਨ ਲਈ ਸ਼ੁਰੂ ਕਰੇ
(c) ਇੱਕ ਆਖਰੀ ਤਾਰੀਕ ਦੱਸਦਾ ਹੈ, ਜਿਸ ਤੋਂ ਬਾਅਦ ਅਜਿਹੇ ECA ਆਰੰਭ ਕੀਤੇ ਜਾ ਸਕਦੇ ਹਨ।

2. ਮਰੀਜ਼ ਨੂੰ ਇਸ ਲਿਖਤੀ ਨੋਟੀਫਿਕੇਸ਼ਨ ਦੇ ਨਾਲ PLS ਦੀ ਕਾਪੀ ਮਿਲ ਗਈ ਹੈ; ਅਤੇ

3. FAP ਬਾਰੇ ਵਿਅਕਤੀ ਨੂੰ ਮੌਖਿਕ ਰੂਪ ਨਾਲ ਸੂਚਿਤ ਕਰਨ ਅਤੇ ਉਹ ਵਿਅਕਤੀਗਤ ਮਾਲੀ ਸਹਾਇਤਾ ਐਪਲੀਕੇਸ਼ਨ ਪ੍ਰਕਿਰਿਆ ਵਿੱਚ ਸਹਾਇਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ ਬਾਰੇ ਦੱਸਣ ਲਈ ਜਾਇਜ਼ ਯਤਨ ਕੀਤੇ ਗਏ ਹਨ।

JFK, ਅਤੇ ਉਨ੍ਹਾਂ ਦੀ ਤਰਫੋਂ ਕੰਮ ਕਰਨ ਵਾਲੇ ਤੀਜੇ ਪੱਖ ਦੇ ਵਿਕਰੇਤਾ, ਐਪਲੀਕੇਸ਼ਨ ਦੀ ਮਿਆਦ ਦੌਰਾਨ ਜਮ੍ਹਾਂ ਇਸ ਨੀਤੀ ਦੇ ਤਹਿਤ ਉਪਲਬਧ ਮਾਲੀ ਸਹਾਇਤਾ ਲਈ ਸਾਰੇ ਐਪਲੀਕੇਸ਼ਨਾਂ ਨੂੰ ਸਵੀਕਾਰ ਅਤੇ ਪ੍ਰੋਸੈਸ ਕਰਨਗੇ।

ਅੰਤਕਾ **A:**

**JFK ਮੈਡੀਕਲ ਕੇਂਦਰ ਅਤੇ ਜੌਨਸਨ ਪੁਨਰਵਾਸ ਸੰਸਥਾਨ ਪ੍ਰਦਾਤਾ ਸੂਚੀ**

JFK ਦੀ ਮਾਲੀ ਸਹਾਇਤਾ ਨੀਤੀ JFK ਮੈਡੀਕਲ ਸੈਂਟਰ ਅਤੇ ਜੌਨਸਨ ਪੁਨਰਵਾਸ ਸੰਸਥਾਨ ਤੇ ਲਾਗੂ ਹੁੰਦੀ ਹੈ। ਕੁਝ ਡਾਕਟਰ ਅਤੇ ਹੋਰ ਹੈਲਥਕੇਅਰ ਪ੍ਰਦਾਤਾ ਜੋ JFK ਮੈਡੀਕਲ ਕੇਂਦਰ ਜਾਂ ਜੌਨਸਨ ਪੁਨਰਵਾਸ ਸੰਸਥਾਨ ਹਸਪਤਾਲ ਸਹੂਲਤ ਦੇ ਅੰਦਰ ਸੇਵਾਵਾਂ ਪ੍ਰਦਾਨ ਕਰਦੇ ਹਨ ਨੂੰ ਇਸ ਦੀ ਪਾਲਣਾ ਕਰਨ ਦੀ ਹੋਰ ਲੋੜ ਨਹੀਂ ਹੁੰਦੀ ਹੈ।

Hackensack Meridian *Health*
JFK Medical Center

ਹੇਠ ਦਿੱਤੀ ਸੂਚੀ ਸਰਵਿਸ ਲਾਈਨ ਦੁਆਰਾ ਪ੍ਰਦਾਤਾਵਾਂ ਦੀ ਸੂਚੀ ਹੈ, ਜੋ ਹਸਪਤਾਲ ਦੀਆਂ ਸਹੂਲਤਾਂ ਦੇ ਅੰਦਰ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ।

ਇਸ ਮਾਲੀ ਸਹਾਇਤਾ ਨੀਤੀ ਦੇ ਤਹਿਤ ਕਵਰ ਕੀਤੇ ਜਾ ਰਹੇ ਪ੍ਰਦਾਤਾਵਾਂ ਦੀ ਸੂਚੀ:

- ਪ੍ਰਦਾਨ ਕੀਤੇ ਜਾਣੇ ਹਨ।

ਇਸ ਮਾਲੀ ਸਹਾਇਤਾ ਨੀਤੀ ਦੇ ਤਹਿਤ ਕਵਰ ਨਹੀਂ ਕੀਤੇ ਜਾ ਰਹੇ ਪ੍ਰਦਾਤਾਵਾਂ ਦੀ ਸੂਚੀ:

- ਪ੍ਰਦਾਨ ਕੀਤੇ ਜਾਣੇ ਹਨ।